ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੩ ਮਾਘ ਸੰਨ ੨੦੨੬ Monday, 26 January

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਅਮਰ ਸ਼ਹੀਦ ਬਾਬਾ ਦੀਪ ਸਿੰਘ

### 27 ਜਨਵਰੀ ਨੂੰ ਜਨਮ ਦਿਹਾੜੇ 'ਤੇ ਵਿਸ਼ੇਸ਼



ਮੈਦਾਨ-ਏ-ਜੰਗ ਵਿੱਚ ਕਲਾ ਦੇ ਜੌਹਰ ਦਿਖਾਉਣ ਵਾਲੇ ਬਾਬਾ ਦੀਪ ਸਿੰਘ ਦੀ ਕੁਰਬਾਨੀ ਦੀ ਮਿਸਾਲ ਇਤਿਹਾਸ ’ਚ ਕੋਈ ਹੋਰ ਨਹੀਂ ਮਿਲਦੀ। ਬਾਬਾ ਦੀਪ ਸਿੰਘ ਦਾ ਜਨਮ 27 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ।ਜਦੋਂ 1699 ’ਚ ਦਸਮ ਪਿਤਾ ਨੇ ਆਨੰਦਪੁਰ ਸਾਹਿਬ ਵਿੱਚ ਸਾਰੀ ਸਿੱਖ ਸੰਗਤ ਨੂੰ ਹੁੰਮ-ਹੁੰਮਾ ਕੇ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਆਪਣੇ ਮਾਤਾ-ਪਿਤਾ ਨਾਲ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਏ। ਓਦੋਂ ਹੀ ਉਹ ਅੰਮ੍ਰਿਤ ਦੀ ਦਾਤ ਹਾਸਲ ਕਰ ਕੇ ‘ਦੀਪੇ’ ਤੋਂ ਦੀਪ ਸਿੰਘ ਬਣ ਗਏ। ਉਨ੍ਹਾਂ ਨਾਲ ‘ਬਾਬਾ’ ਸ਼ਬਦ ਬਹੁਤ ਬਾਅਦ ਵਿੱਚ ਜੁੜਿਆ। ਉਸ ਸਮੇਂ ‘ਬਾਬਾ’ ਨਹੀਂ ‘ਭਾਈ’ ਸ਼ਬਦ ਪ੍ਰਚੱਲਤ ਸੀ। ਕਾਫ਼ੀ ਸਮਾਂ ਉਹ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹੇ। ਉਨ੍ਹਾਂ ਨੇ ਭਾਈ ਮਨੀ ਸਿੰਘ ਨਾਲ ਕਾਫੀ ਸਮਾਂ ਗੁਜ਼ਾਰਿਆ ਤੇ ਇਥੇ ਹੀ ਉਨ੍ਹਾਂ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਇੱਥੇ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਉਹ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਉਤਾਰਾ ਕਰ ਕੇ ਵੱਖ ਵੱਖ ਥਾਵਾਂ ’ਤੇ ਭੇਜਿਆ ਕਰਦੇ ਸਨ ਤਾਂ ਕਿ ਸੰਗਤ ਗੁਰਬਾਣੀ ਨੂੰ ਵੱਧ ਤੋਂ ਵੱਧ ਪੜ੍ਹ ਸਕੇ ਤੇ ਉਸ ਅਨੁਸਾਰ ਆਪਣਾ ਜੀਵਨ ਬਤੀਤ ਕਰ ਸਕੇ।

ਬਾਬਾ ਦੀਪ ਸਿੰਘ ਨੇ ਆਪਣੇ ਨਾਲ ਗੁਰੂਆਂ ਦੀ ਬਾਣੀ ਤੇ ਸ਼ਬਦਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ। ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਵਾਪਸ ਆਪਣੇ ਪਿੰਡ ਆ ਗਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਇਸ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ ਤੇ ਕਿਹਾ ਕਿ ਉਨ੍ਹਾਂ ਦੇ ਹਿੱਸੇ ਹਾਲੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਬਾਕੀ ਹਨ।ਧੀਰਮੱਲੀਏ ਜਦੋਂ ਦਸਮੇਸ਼ ਪਿਤਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਇਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸੰਗਤ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।1748 ਈ. ਵਿੱਚ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ’ਚ ਪੁਨਰਗਠਿਤ ਕੀਤਾ ਤੇ ਉਨ੍ਹਾਂ 12 ਮਿਸਲਾਂ ’ਚੋਂ ਬਾਬਾ ਦੀਪ ਸਿੰਘ ਨੂੰ ਸ਼ਹੀਦ ਮਿਸਲ ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈ. ਵਿੱਚ ਯਾਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਹੇਠ ਸਿੱਖਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਆਪਣੀ ਫ਼ੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂੰਵਾਨ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।ਸੰਨ 1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ’ਤੇ ਚੌਥਾ ਹਮਲਾ ਕਰ ਕੇ ਕਈ ਸ਼ਹਿਰਾਂ ਨੂੰ ਲੁੱਟਿਆ। ਜਦੋਂ ਉਹ ਭਾਰਤੀ ਔਰਤਾਂ ਨੂੰ ਦਾਸੀਆਂ ਬਣਾ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ ‘ਸ਼ਹੀਦ ਮਿਸਲ’ ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਪਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਾਮਾਨ ਵਾਪਸ ਹਾਸਲ ਕੀਤਾ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰੇ। ਅੰਮ੍ਰਿਤਸਰ ਤਕ ਆਉਂਦਿਆ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜ੍ਹੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ ’ਤੇ ਲਕੀਰ ਖਿੱਚੀ ਤੇ ਕਿਹਾ, “ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ ਉਹ ਇਸ ਲਕੀਰ ਨੂੰ ਪਾਰ ਕਰ ਕੇ ਮੇਰੇ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਲਕੀਰ ਦੇ ਉਸ ਪਾਰ ਰਹਿਣ। (ਅੱਜ ਉਸ ਜਗ੍ਹਾ ’ਤੇ ਗੁਰਦੁਆਰਾ ਲਕੀਰ ਸਾਹਿਬ ਸਥਾਪਿਤ ਹੈ।)ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਘਬਰਾ ਕੇ ਵੀਹ ਹਜ਼ਾਰ ਫੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਗਿਆ। ਸਿੰਘ ਇਸ ਵੇਲੇ ਦਰਬਾਰ ਸਾਹਿਬ ਦੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੰਘ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮੱਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿਚਾਲੇ ਘਮਸਾਣ ਲੜਾਈ ਹੋਈ।



ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ ਜਦੋਂ ਕਿ ਜਮਾਲ ਸ਼ਾਹ ਲਗਪਗ 40 ਸਾਲ ਦਾ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਜਮਾਲ ਸ਼ਾਹ ਦੀ ਗਰਦਨ ’ਤੇ ਖੰਡੇ ਦਾ ਵਾਰ ਕੀਤਾ ਤਾਂ ਉਸੇ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ ’ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ। ਦੋਹਾਂ ਪੱਖਾਂ ਦੇ ਜਰਨੈਲਾਂ ਦੀਆਂ ਗਰਦਨਾਂ ਇੱਕ ਹੀ ਸਮੇਂ ਜ਼ਮੀਨ ’ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਉੱਚੀ ਆਵਾਜ਼ ਵਿੱਚ ਕਿਹਾ, “ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ।” ਮਾਨਤਾ ਮੁਤਾਬਕ ਉਸੇ ਵੇਲੇ ਬਾਬਾ ਜੀ ਉੱਠ ਖੜ੍ਹੇ ਹੋਏ ਅਤੇ ਉਨ੍ਹਾਂ ਆਪਣਾ ਖੰਡਾ ਤੇ ਕੱਟਿਆ ਹੋਇਆ ਸਿਰ ਚੁੱਕ ਲਿਆ। ਦੁਸ਼ਮਣ ਦੀਆਂ ਫ਼ੌਜਾਂ ਨੇ ਜਦੋਂ ਬਾਬਾ ਜੀ ਨੂੰ ਸਿਰ ਹਥੇਲੀ ’ਤੇ ਲੈ ਕੇ ਰਣਭੂਮੀ ਵਿੱਚ ਜੂਝਦੇ ਵੇਖਿਆ ਤਾਂ ਉਹ ਭੱਜ ਗਏ।

ਸੈਂਕੜੇ ਹੀ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਵਿੱਚ ਦਰਬਾਰ ਸਾਹਿਬ ਪਹੁੰਚੇ। ਉਨ੍ਹਾਂ ਪਰਿਕਰਮਾ ਵਿੱਚ ਜਾ ਕੇ ਗੁਰੂ ਘਰ ਨੂੰ ਨਮਸਕਾਰ ਕੀਤਾ ਤੇ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 27 ਜਨਵਰੀ ਨੂੰ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ (ਸ਼ਹੀਦਾਂ ਸਾਹਿਬ) ਅੰਮ੍ਰਿਤਸਰ ਅਤੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਸ਼ਰਧਾ ਨਾਲ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ।

**ਅਵਤਾਰ ਸਿੰਘ ਆਨੰਦ**

# ਗੁਰਬਾਣੀ ਅਤੇ ਵਿਗਿਆਨ

ਵਿਗਿਆਨ ਦਾ ਸਬੰਧ ਦਿਮਾਗ ਨਾਲ ਹੈ ਅਤੇ ਗੁਰਬਾਣੀ ਦਾ ਸਬੰਧ ਅਕਾਲ ਪੁਰਖ ਨਾਲ। ਗੁਰਬਾਣੀ ਦਾ ਆਵੇਸ਼ ਉਸ ਸਮੇਂ ਹੋਇਆ ਜਦੋਂ ਸਾਡੇ ਗੁਰੂਆਂ, ਪੀਰਾਂ, ਸੰਤਾਂ ਅਤੇ ਮਹਾਤਮਾਵਾਂ ਦੀ ਅਵੱਸਥਾ ਤੂੰ ਤੂੰ ਕਰਤਾ ਤੂੰ ਹੂਆ ਵਾਲੀ ਹੋ ਚੁੱਕੀ ਸੀ। ਗੁਰਬਾਣੀ ਅਟੱਲ ਹੈ ਅਤੇ ਅਕਾਲ ਹੈ। ਇਸ ਵਿੱਚ ਬਦਲਾਅ ਅਸੰਭਵ ਹੈ। ਗੁਰਬਾਣੀ ਨੂੰ ਮਨੁੱਖੀ ਸੋਚ ਵਿਗਿਆਨ ਦੇ ਬਰਾਬਰ ਨਹੀਂ ਕਿਹਾ ਜਾ ਸਕਦਾ। ਕਿੱਥੇ ਦੀਵੇ ਦੀ ਛੋਟੀ ਜਹੀ ਲੋਅ (ਵਿਗਿਆਨ), ਕਿੱਥੇ ਸੂਰਜ ਦਾ ਲਟ ਲਟ ਕਰਦਾ ਪ੍ਰਕਾਸ਼ (ਗੁਰਬਾਣੀ), ਕਿੱਥੇ ਪਾਣੀ ਦੀ ਨਿੱਕੀ ਜਹੀ ਬੂੰਦ (ਵਿਗਿਆਨ), ਕਿੱਥੇ ਅਥਾਹ ਸਾਗਰ (ਗੁਰਬਾਣੀ)।ਸਮਝਣ ਦੀ ਲੋੜ ਹੈ ਦੀਵੇ ਦੀ ਬਲ ਰਹੀ ਲਾਈਟ ਜਾਂ ਇਕ ਕਿਰਨ ਦਾ ਜਨਮ ਸੋਮਾਂ ਵੀ ਸੂਰਜ ਹੈ ਅਤੇ ਪਾਣੀ ਦੀ ਬੂੰਦ ਦੀ ਹੋਂਦ ਵੀ ਸਮੁੰਦਰ ਤੋਂ ਹੀ ਹੈ।ਵਿਗਿਆਨ ਇੱਕ ਅਜਿਹਾ ਗਿਆਨ ਹੈ, ਜਿਸ ਨੂੰ ਸੱਚਾ ਸਾਬਤ ਹੋਣ ਲਈ ਤਜ਼ਰਬਿਆਂ 'ਚੋਂ ਗੁਜ਼ਰਨਾ ਪੈਂਦਾ ਹੈ। ਸਹੀ ਸਿੱਧ ਹੋਣ 'ਤੇ ਉਹ ਗਿਆਨ ਸਮੇਂ ਦਾ ਸੱਚ ਬਣ ਜਾਂਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਇਸ ਸੱਚ 'ਤੇ ਇਨ ਬਿਨ ਵਿਸ਼ਵਾਸ਼ ਨਹੀਂ ਕਰਦੀਆਂ। ਉਹ ਇਸ ਦੀ ਮੁੜ ਜਾਂਚ ਪਰਖ ਕਰਦੀਆਂਹਨ। ਕਮੀਆਂ ਤਰੁੱਟੀਆਂ ਪਾਏ ਜਾਣ ਤੇ ਫਿਰ ਉਸ ਵਿਚ ਸੋਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੱਚ ਨਵੇਂ ਲਿਬਾਸ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਸਮੇਂ ਦੇ ਨਾਲ ਨਾਲ ਵਿਗਿਆਨਕ ਸੱਚ ਵਿੱਚ ਸੱਚ ਦੀ ਮਾਤਰਤਾ ਵੱਧਦੀ ਚਲੀ ਜਾਂਦੀ ਹੈ। ਜਿੰਨੀਆਂ ਜਿਆਦਾ ਵਦਾਣਾ ਨਾਲ ਵਿਗਿਆਨ 'ਤੇ ਪ੍ਰਹਾਰ ਕੀਤੇ ਜਾਣ, ਉਨ੍ਹਾਂ ਹੀ ਜਿਆਦਾ ਸੱਚ ਸਾਹਮਣੇ ਆਉਣ ਦੀ ਉਮੀਦ ਹੁੰਦੀ ਹੈ।ਗੁਰਬਾਣੀ ਸਦੀਵੀ ਹੈ, ਇਕ ਅਟੱਲ ਸੱਚਾਈ ਹੈ। ਮਨੁੱਖੀ ਦਿਮਾਗ ਨੂੰ ਵਿਗਿਆਨ ਦੇ ਤਜਰਬੇ ਕਰਨ ਦੇ ਸੋਮੇ ਵੀ ਉਸ ਅਕਾਲ ਪੁਰਖ ਦੇ ਬਖਸ਼ੇ ਹੋਏ ਹੀ ਹਨ।ਇਸ ਆਰਟੀਕਲ ਰਾਹੀਂ ਦਾਸ ਵਿਗਿਆਨ ਦੀ ਹੋਂਦ ਤੋਂ ਮੁਨਕਰ ਨਹੀਂ ਹੋਣਾ ਚਾਹੁੰਦਾ। ਜੇ ਵਿਗਿਆਨ ਦੀਆਂ ਮੂਲਧਾਰਾਵਾਂ ਗਲਤ ਹੁੰਦੀਆਂ ਤਾਂ ਅੱਜ ਰੇਲ ਗੱਡੀ, ਹਵਾਈ ਜਹਾਜ, ਮਨੁੱਖ ਚੰਦਰਮਾਂ 'ਤੇ ਪੈਰ ਵੀ ਨਾ ਧਰਦਾ। ਗਲਤ ਧਾਰਨਾਵਾਂ ਨੂੰ ਵਿਗਿਆਨ ਆਪ ਵੀ ਸਵੀਕਾਰ ਨਹੀਂ ਕਰਦਾ। ਵਿਗਿਆਨ ਸੱਚ ਦੀ ਰੌਸ਼ਨੀ ਵਿੱਚ ਆਪਣੇ ਤੱਥਾਂ ਨੂੰ ਵਾਰ ਵਾਰ ਸੋਧਦਾ ਹੈ। ਹਾਲੇ ਵਿਗਿਆਨ ਕੋਲ ਜੀਵਨ ਅਤੇ ਬ੍ਰਹਿਮੰਡ ਬਾਰੇ ਬਹੁਤ ਕੁੱਝ ਉਧੇੜਨਾ ਬਾਕੀ ਹੈ। ਵਿਗਿਆਨਕ ਅਧਾਰ ਵਾਲੀ ਫਿਲਾਸਫੀ ਦੀ ਅਲੋਚਨਾ ਇੱਕ ਅਲੱਗ ਗੱਲ ਹੈ। ਇਸ ਦੇ ਖੋਜੇ ਪਰਖ ਦੇ ਸੱਚ ਨੂੰ ਗੁਰਬਾਣੀ ਨੇ ਬਹੁਤ ਹੀ ਪਹਿਲਾਂ ਬਿਆਨ ਕਰ ਦਿੱਤਾ ਸੀ।ਮਨੁੱਖੀ ਸੁਭਾਅ ਪਦਾਇਸ਼ ਤੋਂ ਹੀ ਜਗਿਆਸੂ ਹੈ "ਆਦਿ ਅੰਤਿ ਬੇਅੰਤ ਖੋਜਹਿ ਅਨੁਸਾਰ ਕੁੱਝ ਜਾਨਣ ਦੀ, ਕੁੱਝ ਸਮਝਣ ਦੀ, ਕੁੱਝ ਖੋਜਣ ਦੀ ਕੋਸ਼ਿਸ਼ ਪੱਥਰ ਯੁੱਗ ਤੋਂ ਹੀ ਕਰਦਾ ਆ ਰਿਹਾ ਹੈ। ਜਦੋਂ ਮਨੁੱਖ ਡੂੰਘੇ ਸਮੁੰਦਰ, ਸਿਰ ਤੇ ਚੰਨ ਤਾਰਿਆਂ ਦੀ ਵਿਸ਼ਾਲਤਾ ਨੂੰ ਤੱਕਦਾ ਹੈ ਤਾਂ ਉਸਦਾ ਹਿਰਦਾ ਉਸ ਬਾਰੇ ਜਾਨਣ ਲਈ ਤੜਪ ਉੱਠਦਾ ਹੈ।ਅੰਤ ਕਾਰਣਿ ਕੇਤੇ ਬਿਲਲਾਹਿ।। ਤਾ ਕੇ ਅੰਤ ਨ ਪਾਏ ਜਾਹਿ (ਅੰਗ ੫)ਇਸ ਵਿਆਕੁਲਤਾ ਵਿੱਚ ਚੰਚਲ ਦਿਮਾਗ ਮਨੁੱਖੀ ਮਨ ਸਮੁੰਦਰ ਦੀਆਂ ਛੱਲਾਂ ਵਾਂਗ ਕੌਤੂਹਲ ਮਚਾ ਦਿੰਦਾ ਹੈ। ਬ੍ਰਹਿਮੰਡ ਕੀ ਹੈ? ਕਦੋਂ ਹੋਂਦ ਵਿੱਚ ਆਇਆ? ਇਸ ਦਾ ਅਕਾਰ ਕਿੰਨਾ ਵੱਡਾ ਹੈ? ਸਥਿਰ ਹੈ ਜਾਂ ਅਸਥਿਰ ਹੈ। ਇਹਨਾਂ ਸਵਾਲਾਂ ਦੇ ਜਵਾਬ ਲਈ ਸਾਨੂੰ ਪਿਛੋਕੜ ਘੋਖਣਾ ਪਵੇਗਾ।ਵਿਗਿਆਨ ਮੁਤਾਬਕ 100 ਤੋਂ 200 ਖਰਬ ਸਾਲ ਪਹਿਲਾਂ ਇਨਸਾਨੀ ਜਾਤ ਦਾ ਨਾਮੋ ਨਿਸ਼ਾਨ ਨਹੀਂ ਸੀ। ਬਨਸਪਤੀ ਫੁੱਲ ਬੂਟੇ ਪਸ਼ੂ ਪੰਛੀ ਆਦਿ ਭੀ ਨਹੀਂ ਸਨ। ਧਰਤੀ ਚੰਦਰਮਾ ਸੂਰਜ, ਗ੍ਰਹਿ ਉਪਗ੍ਰਹਿ ਕੁੱਝ ਵੀ ਨਹੀਂ ਸੀ। ਤਾਰੇ ਅਤੇ ਬ੍ਰਹਿਮੰਡ ਦੀ ਹੋਂਦ ਵੀ ਨਹੀਂ ਸੀ। ਗੁਰਬਾਣੀ ਦਾ ਫੁਰਮਾਨ ਹੈ :ਅਰਬਦ ਨਰਬਦ ਧੁੰਧੂਕਾਰਾ।। ਧਰਣਿ ਨ ਗਗਨਾ ਹੁਕਮੁ ਆਪਾਰਾ ।। ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ।।(ਅੰਗ ੧੦੩੫)ਬ੍ਰਹਿਮੰਡ ਦੇ ਜਨਮ ਤੋਂ ਪਹਿਲਾਂ ਕੀ ਸੀ? ਵਿਗਿਆਨ ਇਸ ਤੋਂ ਖਾਮੋਸ਼ ਹੈ। ਵਿਗਿਆਨ ਮੁਤਾਬਕ ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਦੋਂ ਸਮਾਂ ਹੀ ਨਹੀਂ ਸੀ।ਫਿਰ ਉਦੋਂ ਹੈ ਕੀ ਸੀ? ਕੀ ਕਦੀ ਸੋਚਿਆ ਹੈ? ਉਦੋਂ ਕੁਦਰਤ ਸ਼ੋਰ ਸਰਾਬੇ ਤੋਂ ਦੂਰ ਗਰਭਵਤੀ ਮਾਂ ਦੇ ਪੇਟ ਵਿੱਚ ਸੌਂ ਰਹੇ ਬੱਚੇ ਵਾਂਗ ਅਸੀਮ ਨਿੰਦਰਾ ਵਿੱਚ ਸੀ। ਇਹ ਅਵੱਸਥਾ ਕਿੰਨਾ ਚਿਰ ਰਹੀ, ਬਿਆਨ ਨਹੀਂ ਕੀਤਾ ਜਾ ਸਕਦਾ।ਕੇਤੜਿਆ ਦਿਨ ਗੁਪਤੁ ਕਹਾਇਆ।। ਕੇਤੜਿਆ ਦਿਨ ਸੁੰਨਿ ਸਮਾਇਆ।। ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ।। (ਅੰਗ ੧੦੮)ਵਿਗਿਆਨ ਇਸ ਨੂੰ ਇਨਫਾਇਨਿਟ ਦਾ ਨਾਮ ਦਿੰਦਾ ਹੈ। ਉਹ ਇਸ ਅਵੱਸਥਾ ਨੂੰ ਬਿਆਨ ਕਰਨ ਵਿਚ ਬੇਵੱਸ ਤੇ ਫੇਲ੍ਹ ਹੋ ਜਾਂਦਾ ਹੈ। ਫਿਰ ਉਹ ਇੱਕ ਵਿਸਫੋਟ ਦੀ ਗੱਲ ਕਰਦਾ ਹੈ, ਜਿਸ ਨੂੰ ਵਿਗਿਆਨ ਨੇ ਬਿੱਗ ਬੈਂਗ ਦਾ ਨਾਮ ਦਿੱਤਾ ਜੋ ਵਿਗਿਆਨ ਤੋਂ ਪਹਿਲਾਂ ਗੁਰਬਾਣੀ ਕਵਾਉ ਦੇ ਸ਼ਬਦ ਨਾਲ ਇਸ ਨੂੰ ਸਮਝਾ ਚੁੱਕੀ ਹੈ।ਕੀਤਾ ਪਸਾਉ ਏਕੋ ਕਵਾਉ।। ਤਿਸ ਤੇ ਹੋਏ ਲਖ ਦਰੀਆਉ।।(ਅੰਗ ੩)ਇਸ ਵਿਸਫੋਟ ਨੂੰ ਕਲਮ ਨਾਲ ਵਰਨਣ ਕਰਨਾ ਅਸੰਭਵ ਹੈ। ਵਿਗਿਆਨ ਦੀ ਵੀ ਇਹੀ ਸੋਚ ਹੈ। ਪਰਮਾਤਮਾ ਨੇ ਇਸ ਬ੍ਰਹਿਮੰਡ ਦਾ ਪਸਾਰਾ ਇੱਕ ਅਵਾਜ਼ (ਧਮਾਕੇ) ਨਾਲ ਕੀਤਾ, ਜਿਸ ਤੋਂ ਲੱਖਾਂ ਜਿੰਦਗੀਆਂ ਦੇ ਦਰਿਆ ਵਗਣ ਲੱਗ ਪਏ। ਇਹ ਸਾਰਾ ਕੁੱਝ ਪ੍ਰਮਾਤਮਾ ਨੇ ਵਰਤਾਇਆ ਕਦੋਂ? ਵਿਗਿਆਨ ਇਸ ਨੂੰ ਸਮਝਣ ਤੇ ਕਹਿਣ ਵਿੱਚ ਅਸਮਰੱਥ ਹੈ। ਬਹਿਮੰਡ ਦੀ ਵਿਸ਼ਾਲਤਾ ਦਾ, ਉਸ ਦੀ ਅਰੰਭਤਾ ਦਾ, ਉਸ ਦੇ ਹੋਂਦ ਵਿੱਚ ਆਉਣ ਦਾ ਅਨੁਮਾਨ ਲਗਾਉਣਾ ਮਨੁੱਖ ਦੇ ਵੱਸ ਵਿੱਚ ਨਹੀਂ ਹੈ। ਜਿੱਥੇ ਬ੍ਰਹਿਮੰਡ ਦੀ ਕੋਈ ਸੀਮਾ ਨਹੀਂ, ਅਨੰਤ ਹੈ, ਉੱਥੇ ਮਨੁੱਖੀ ਦਿਮਾਗ ਦੀ ਸੀਮਾਂ ਦੀ ਇਕ ਹੱਦ ਹੈ। ਬ੍ਰਹਿਮੰਡ ਦੀ ਅਨੰਤਤਾ ਬਾਰੇ ਮਨੁੱਖੀ ਦਿਮਾਗ ਸੋਚ ਵੀ ਨਹੀਂ ਸਕਦਾ।ਵਿਗਿਆਨ ਇਸ ਤੱਥ ਨਾਲ ਸਹਿਮਤ ਹੈ ਕਿ ਧਰਤੀ ਉੱਪਰ ਮਨੁੱਖੀ ਉਤਪਤੀ, ਜੀਵ ਉਤਪਤੀ ਅਤੇ ਬਨਸਪਤੀ ਦੀ ਉਤਪਤੀ ਪਾਣੀ ਤੋਂ ਹੋਈ ਹੈ। ਪਾਣੀ ਦਾ ਵਾਜੂਦ ਦੋ ਗੈਸਾਂ-ਹਾਈਡਰੋਜਨ ਦੋ ਹਿੱਸੇ ਅਤੇ ਆਕਸੀਜਨ ਇੱਕ ਹਿੱਸਾ ਤੋਂ ਹੈ। ਅਸੀਂ ਵਿਗਿਆਨਿਕ ਢੰਗ ਨਾਲ ਪਾਣੀ ਵਿਚੋਂ ਦੋਨੋਂ ਗੈਸਾਂ ਅਲੱਗ ਵੀ ਕਰ ਸਕਦੇ ਹਾਂ ਅਤੇ ਦੋਹਾਂ ਗੈਸਾਂ ਨੂੰ ਉਪਰੋਕਤ ਮਿਕਦਾਰ ਵਿੱਚ ਮਿਲਾ ਕੇ ਇਲੈਕਟਰੋਮੈਗਨੈਟਿਕ ਸਿਸਟਮ ਰਾਹੀਂ ਪਾਣੀ ਵੀ ਵਜੂਦ ਵਿੱਚ ਲਿਆ ਸਕਦੇ ਹਾਂ। ਇਸ ਤੱਥ ਦੀ ਖੋਜ ਪਿਛਲੇ 140 ਸਾਲ ਤੋਂ ਹੀ ਹੋਈ ਹੈ। ਗੁਰਬਾਣੀ ਅੰਦਰ ਪਾਣੀ ਦਾ ਵਿਗਿਆਨਿਕ ਫਾਰਮੂਲਾ 530 ਸਾਲਾਂ ਤੋਂ ਮੌਜੂਦ ਹੈ। ਇੱਥੇ ਇਹ ਗੱਲ ਵਰਨਣ ਯੋਗ ਹੈ ਕਿ ਗੁਰੂ ਨਾਨਕ ਸਾਹਿਬ ਦਾ ਜਪੁ ਜੀ ਸਾਹਿਬ ਅੰਦਰ ਫੁਰਮਾਨ ਹੈ: "ਮੰਨੈ ਸਗਲ ਭਵਣ ਕੀ ਸੁਧਿ।।"ਪਰਮਾਤਮਾ ਦਾ ਨਾਮ ਮੰਨਣ ਨਾਲ ਖੰਡਾ ਬ੍ਰਹਿਮੰਡਾਂ ਦਾ ਗਿਆਨ ਹੋ ਜਾਂਦਾ ਹੈ। ਗੁਰਬਾਣੀ ਨੇ ਪਾਣੀ ਦੇ ਇਸ ਸੱਚ ਨੂੰ ਬਹੁਤ ਪਹਿਲਾਂ ਉਜਾਗਰ ਕਰ ਦਿੱਤਾ ਸੀ।ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।। ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।(ਅੰਗ ੧੯)'ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ'(ਅੰਗ ੧੨੮੩)ਗੁਰਬਾਣੀ ਨੇ ਪੂਰੀ ਕਾਇਨਾਤ ਦੀ ਉਤਪਤੀ ਪਾਣੀ ਤੋਂ ਹੋਣ ਦੀ ਪੁਸ਼ਟੀ 530 ਸਾਲ ਪਹਿਲਾਂ ਹੀ ਕਰ ਦਿੱਤੀ ਸੀ।ਅੰਤੁ ਨ ਜਾਪੈ ਕੀਤਾ ਆਕਾਰੁ।। ਅੰਤੁ ਨ ਜਾਪੈ ਪਾਰਾਵਾਰੁ।।(ਅੰਗ ੫)ਵਿਗਿਆਨ ਇਸ ਗੱਲ ਨੂੰ ਮੰਨਦਾ ਹੈ ਕਿ ਬ੍ਰਹਿਮੰਡ ਅੰਦਰ ਅਸੀਂ ਜੋ ਦੇਖਦੇ ਹਾਂ ਉਹ ਤਾਰੇ, ਗ੍ਰਹਿ, ਉਪਗ੍ਰਹਿ ਬ੍ਰਹਿਮੰਡ ਵਿੱਚ ਫੈਲੇ ਕੁੱਲ ਮੈਟਰ ਦਾ 10% ਤੋਂ ਵੀ ਘੱਟ ਹੈ। 90% ਬਾਰੇ ਵਿਗਿਆਨ ਨੂੰ ਕੋਈ ਇਲਮ ਨਹੀਂ। ਇਹ ਸਾਰਾ ਪ੍ਰਭੂ ਅਕਾਲਪੁਰਖ ਜੀ ਦੀ ਰਚਨਾ ਹੈ ਤੇ ਉਹ ਸਭ ਜਾਣੀ ਜਾਣ ਹੈ। ਵਿਗਿਆਨ ਇਸ ਨੂੰ ਡਾਰਕ ਮੈਟਰ ਮੰਨਦਾ ਹੈ। ਜਿੰਨਾ ਵੀ ਅਸੀਂ ਇਸ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਾਂ, ਇਸ ਦੀ ਵਿਸ਼ਾਲਤਾ ਅਨੰਤਤਾ ਤੱਕ ਵੱਧਦੀ ਜਾਂਦੀ ਹੈ।ਏਹੁ ਅੰਤੁ ਨ ਜਾਣੈ ਕੋਇ।। ਬਹੁਤਾ ਕਹੀਐ ਬਹੁਤਾ ਹੋਇ।।(ਅੰਗ ੫)ਮਨੁੱਖੀ ਸਰੀਰ ਵੀ ਪ੍ਰਭੂ ਰਚਨਾ ਹੈ। ਜੋ ਕੁੱਝ ਬ੍ਰਹਿਮੰਡ ਦੇ ਅੰਦਰ ਵਾਪਰਦਾ ਹੈ, ਉਹ ਮਨੁੱਖੀ ਸਰੀਰ ਦੇ ਅੰਦਰ ਵੀ ਹੈ।ਧਰਤੀ ਉੱਪਰ ਕੁੱਲ ਧਰਤੀ ਦਾ 2/3 ਹਿੱਸਾ ਪਾਣੀ ਹੈ। ਮਨੁੱਖੀ ਸਰੀਰ ਅੰਦਰ ਵੀ 2/3 ਪਾਣੀ ਹੀ ਹੈ। ਜਿੱਥੇ ਵਿਗਿਆਨ ਨੇ ਬਾਹਰ ਖੋਜ ਕੀਤੀ ਹੈ, ਉਥੇ ਹੀ ਸਾਡੇ ਗੁਰੂਆਂ ਪੀਰਾਂ ਨੇ ਸਰੀਰ ਦੇ ਅੰਦਰ ਵੀ ਖੋਜ ਕੀਤੀ ਹੈ। ਜਿੱਥੇ ਅਸਮਾਨ ਦੇ ਅੰਧਕੂਪ ਹਨ, ਉਥੇ ਮਨੁੱਖੀ ਸਰੀਰ ਅੰਦਰ ਵੀ ਅੰਧਕੂਪ ਹਨ ਜਿਨ੍ਹਾਂ ਤੋਂ ਸਾਨੂੰ ਪ੍ਰਭੂ ਪਿਤਾ ਅਕਾਲ ਪੁਰਖ ਸਾਹਿਬ ਹੀ ਹੱਥ ਦੇ ਕੇ ਬਚਾ ਸਕਦਾ ਹੈ।ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੈ।। (ਅੰਗ ੬੯੫)ਵਿਗਿਆਨਕ ਅਧਾਰ ਵਾਲੀ ਫਿਲਾਸਫੀ 'ਤੇ ਜੋ. ਖੋਜ ਹੋ ਰਹੀ ਹੈ, ਉਸ ਤੋਂ ਇਸਦੇ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਸੇ ਵਿਗਿਆਨ ਦੀ ਜਨਮਦਾਤਾ ਗੁਰਬਾਣੀ ਗੁਰੂ ਸਾਹਿਬਾਨ ਭਗਤਾਂ ਪੀਰਾਂ ਪੈਗੰਬਰਾਂ ਦੀ ਮਿਹਰ ਸਦਕਾ ਮਾਰਗ ਦਰਸ਼ਨ ਲਈ ਸਾਡੇ ਕੋਲ ਉਸ ਸਮੇਂ ਤੋਂ ਮੌਜੂਦ ਹੈ, ਜਦੋਂ ਵਿਗਿਆਨ ਅਜੇ ਬੱਚਾ ਹੀ ਸੀ। ਵਿਗਿਆਨ ਨੇ ਆਪਣੇ ਹੀ ਸਿਧਾਤਾਂ ਨੂੰ ਸੈਂਕੜੇ ਤੇ ਹਜ਼ਾਰਾਂ ਵਾਰੀ ਚੈਲੰਜ ਕੀਤਾ ਹੈ। ਗੁਰਬਾਣੀ ਨੂੰ ਕਦੀ ਵੀ ਜੇ ਕਿਸੇ ਮਨੁੱਖ ਨੇ ਚੈਲੰਜ ਕੀਤਾ ਹੈ ਤਾਂ ਉਸ ਮਨੁੱਖ ਦੀ ਅਗਿਆਨਤਾ ਹੀ ਸਾਹਮਣੇ ਆਈ ਹੈ। ਧੁਰ ਕੀ ਬਾਣੀ ਅਟੱਲ ਸਚਾਈ ਬਣ ਕੇ ਮਨੁੱਖ ਲਈ, ਅਧਿਆਤਮਿਕ, ਸਮਾਜਿਕ, ਆਰਥਿਕ ਤੇ ਵਿਗਿਆਨਕ ਸੇਧ ਦੇਣ ਲਈ ਚਾਨਣ ਮੁਨਾਰਾ ਬਣ ਕੇ ਆਪਣੀ ਨਿੱਘੀ ਗੋਦ ਵਿੱਚ ਲੈਣ ਲਈ ਹਮੇਸ਼ਾਂ ਤੱਤਪਰ ਹੈ।

**ਸ੍ਰੀ ਸੋਹਣ ਲਾਲ (ਜਲੰਧਰ)**

# ਬੀਰਤਾ ਦੇ ਵਿਕਾਸ ਦਾ ਸਿਖਰ

ਜਪੁ (ਸਾਹਿਬ) ਦੀ ਆਖਰੀ ਪਉੜੀ ਦਾ ਪਹਿਲਾ ਸ਼ਬਦ ਹੈ 'ਜਤ' ਤੇ ਜਤ ਵਾਲੀ ਆਖਰੀ ਪਉੜੀ ਦਾ ਅੰਤਲਾ ਪੜਾਅ ਹੈ 'ਅੰਮ੍ਰਿਤ'। ਕੁੱਝ ਇਸੇ ਤਰ੍ਹਾਂ ਸਿੱਖ ਇਤਿਹਾਸ ਤੇ ਪੰਜਾਬ ਵਿਚ ਹੋਇਆ ਲੱਗਦਾ ਹੈ। ਜਪ, ਸਿਮਰਨ ਤੇ ਨਾਮ ਨਾਲ ਸਵਾਰੀ ਅਤੇ ਢਾਲੀ ਹੋਈ ਸ਼ਖਸੀਅਤ ਆਚਰਨ ਵਾਲੀ ਬਣੀ।ਧੀਰਜ ਦੀ ਮੂਰਤ ਹੋਈ। ਨਿਰਮਲ ਬੁੱਧੀ ਵਾਲੀ ਹੋਈ। ਮਰਿਆਦਾ ਪ੍ਰਸਤ ਬਣੀ। ਪ੍ਰੇਮ (ਭਉ) ਖੇਲਣ ਦੇ ਚਾਉ ਵਿਚ ਸਿਰ ਧਰ ਤਲੀ ਨਿਕਲਣ ਲੱਗੀ। ਗੁਰੂ ਦੇ ਸ਼ਬਦਾਂ 'ਤੇ ਆਪਾ ਵਾਰਨ ਲੱਗੀ ਤੇ ਉਸ ਨੂੰ ਸੱਚ-ਮੁੱਚ ਸਰੀਰ ਦੀ ਸੁਧ ਬੁੱਧ ਹੀ ਨਾ ਰਹੀ। ਉਸ ਨੂੰ ਅੰਮ੍ਰਿਤ ਮਿਲ ਗਿਆ। ਸਰੀਰ ਦਾ ਖਿਆਲ ਹਟ ਗਿਆ। ਗੁਰੂ ਹੁਕਮ ਤੋਂ ਮੁੱਖ ਨਾ ਮੋੜਨ ਦੀਆਂ ਕਈ ਵਾਰਤਾਵਾਂ ਸਿੱਖ ਇਤਿਹਾਸ ਵਿਚ ਹੋ ਚੁੱਕੀਆਂ ਸਨ।ਮੁਹਿਸਨ ਫਾਨੀ ਨੇ ਕਈਆਂ ਦਾ ਵਰਣਨ ਕੀਤਾ ਹੈ। ਉਸਦੀ ਲਿਖੀ ਇਕ ਵਾਰਤਾ ਤਾਂ ਸੁਣਨ ਵਾਲੀ ਹੈ। ਗੁਰੂ ਹਰਿਗੋਬਿੰਦ ਜੀ ਨੇ ਕਾਬਲ ਦੀ ਸੰਗਤ ਨੂੰ ਲਿਖਿਆ ਕਿ ਉਨ੍ਹਾਂ ਲਈ ਇਕ ਸੁੰਦਰ ਇਰਾਕੀ ਘੋੜਾ ਖਰੀਦ ਕੇ ਭੇਜਿਆ ਜਾਏ। ਭਾਈ ਸਾਧ ਜੀ ਘੋੜਾ ਖਰੀਦਣ ਲਈ ਇਰਾਕ ਵੱਲ ਚੱਲ ਪਏ। ਅਜੇ ਉਹ ਇਕ ਪੜਾਅ ਹੀ ਗਏ ਸਨ ਕਿ ਪਿੱਛੇ ਖਬਰ ਪੁੱਜੀ ਕਿ ਉਨ੍ਹਾਂ ਦਾ ਪੁੱਤਰ ਸਖਤ ਬੀਮਾਰ ਹੈ ਅਤੇ ਬਚਣ ਦੀ ਕੋਈ ਆਸ ਨਹੀਂ, ਸੋ ਉਹ ਵਾਪਸ ਮੁੜ ਆਉਣ। ਭਾਈ ਸਾਹਿਬ ਨੇ ਕਿਹਾ ਕਿ ਉਹ ਹੁਣ ਗੁਰੂ (ਦੇ ਬਚਨਾਂ) ਵੱਲ ਮੂੰਹ ਕਰ ਚੁੱਕੇ ਹਨ, ਪਿਛਾਂਹ ਨਹੀਂ ਮੁੜ ਸਕਦੇ। ਘਰ ਲਕੜੀਆਂ ਬਹੁਤ ਹਨ, ਜੇ ਲੜਕਾ ਮਰ ਗਿਆ ਤਾਂ ਪਾ ਕੇ ਅੰਤਮ ਸੰਸਕਾਰ ਕਰ ਦੇਣਾ। ਗੁਰੂ ਤੇਗ ਬਹਾਦਰ ਜੀ ਸਮੇਂ ਉਹ ਹੀ ਸਿੱਖ ਪ੍ਰਵਾਨ ਹੁੰਦਾ ਸੀ ਜੋ ਆ ਕੇ ਇਹ ਆਖਦਾ ਸੀ ਕਿ 'ਮੇਰਾ ਪ੍ਰਯੋਜਨ ਸੀਸ ਸਾਥਿ ਕੁਝ ਨਹੀਂ", ਜਦ ਆਪ ਜੀ ਨੇ ਭਾਈ ਘਨੱਈਆ ਨੂੰ ਸੇਵਾ ਵੱਲ ਪ੍ਰੇਰਿਆ ਸੀ ਤਾਂ ਉਸ ਸਮੇਂ ਵੀ ਉਸ ਨੂੰ 'ਸਰੀਰ ਮੇਂ ਅਸਰੀਰ' ਹੀ ਦਿਖਾਇਆ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ (11 ਨਵੰਬਰ, 1675) ਤੋਂ ਕੁੱਝ ਚਿਰ ਹੀ ਬਾਅਦ ਸਿੱਖਾਂ ਵਿਚ ਔਰੰਗਜ਼ੇਬ ਤੱਕ ਨੂੰ ਵੰਗਾਰਨ ਦੀ ਸ਼ਕਤੀ ਆ ਗਈ ਸੀ ਪਰ ਇਹ ਸਭ ਵਿਚ ਨਹੀਂ ਸੀ, ਕਿਸੇ -ਕਿਸੇ ਵਿਚ ਸੀ। ਪਰ 1699 ਦੀ ਵੈਸਾਖੀ ਉਪਰੰਤ ਐਸੇ ਸਿੱਖਾਂ ਦੀ ਜਥੇਬੰਦੀ ਹੀ ਬਣ ਗਈ ਜੋ ਧਰਮ ਯੁੱਧ ਕੇ ਚਾਇ 'ਹਰਸਮੇਂ ਰਣ-ਤੱਤੇ ਵਿਚ ਜੂਝਣ ਲਈ ਤਤਪਰ ਸਨ।ਸੰਗਤ ਨਹੀਂ ਲੁੱਟਦੀ :- ਅਨੰਦਪੁਰ ਸਾਹਿਬ ਵਿਚ ਇਕ ਹੋਈ ਵਾਰਤਾ ਸ਼ਾਇਦ ਉਪਰਲੇ ਕਥਨ ਨੂੰ ਹੋਰ ਸਪੱਸ਼ਟ ਕਰ ਦੇਵੇ। ਲਿਖਿਆ ਹੈ ਕਿ ਜੋ ਵੀ ਸੰਗਤ ਅਨੰਦਪੁਰ ਸਾਹਿਬ ਆਵੇ, ਇਹ ਹੀ ਆ ਕੇ ਆਖੇ,'ਮਹਾਰਾਜ! ਹੁਸ਼ਿਆਰਪੁਰ ਦੇ ਹਾਕਮ ਨੇ ਸੰਗਤ ਨੂੰ ਲੁੱਟ ਲਿਆ ਹੈ ਜਾਂ ਸਰਹੰਦ ਦੇ ਨਵਾਬ ਨੇ ਸੰਗਤ ਨੂੰ ਲੁੱਟ ਲਿਆ ਹੈ ਜਾਂ ਫਲਾਂ ਕਰਮਚਾਰੀ ਨੇ ਲੁੱਟ ਲਿਆ ਹੈ।" ਮਹਾਰਾਜ ਕੁੱਝ ਚਿਰ ਤਾਂ ਸੁਣਦੇ ਰਹੇ। ਇਕ ਵਾਰੀ ਗੱਜ ਕੇ ਕਹਿਣ ਲੱਗੇ ਕਿ ਇਹ ਕੋਈ ਨਹੀਂ ਆ ਕੇ ਆਖਦਾ ਕਿ ਸੰਗਤ ਨੇ ਨਵਾਬ ਨੂੰ ਲੁੱਟ ਲਿਆ ਹੈ। ਭਾਈ ਸੇਵਾ ਰਾਮ ਜੀ ਆਪਣੀਆਂ ਪਰਚੀਆਂ ਵਿਚ ਲਿਖਦੇ ਹਨ ਕਿ 'ਜੋ ਸਿੱਖ ਮਾਇਆ ਭੇਟ ਲਿਆਵੇ ਤਿਸ ਕਉ ਐਸੀ ਖੁਸ਼ੀ ਨਾ ਮਿਲੇ ਜੈਸੀ ਖੁਸ਼ੀ ਸ਼ਸਤ੍ਰ ਭੇਟ ਲਿਆਵੇ ਤਿਸ ਕਉ ਮਿਲੈ।ਸ਼ਸਤ੍ਰ ਦੇਖ ਪ੍ਰਸੰਨ ਹੋਵਹਿ। ਸੋ ਸੰਗਤ ਵਿਚ ਵੀਰਤਾ ਦੀ ਸ਼ਕਤੀ ਭਰਨ ਲਈ ਵੈਸਾਖੀ ਵਾਲਾ ਦਿਨ ਚੁਣਿਆ।ਪੰਥ ਦੀ ਸਾਜਣਾ :-ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਿਆਂ 23 ਸਾਲ ਹੋ ਗਏ ਸਨ। ਉਨ੍ਹਾਂ 23 ਸਾਲਾਂ ਦੇ ਸਮੇਂ ਵਿਚ ਗੁਰੂ ਜੀ ਨੂੰ ਅਨੇਕਾਂ ਝੱਖੜਾਂ, ਬੇਅੰਤ ਹਮਲਿਆਂ ਅਤੇ ਕਠਿਨਾਈਆਂ ਦਾ ਟਾਕਰਾ ਕਰਨਾ ਪਿਆ। ਆਰੰਭ ਵਿਚ ਹੀ ਪਹਾੜੀ ਰਾਜੇ ਵੈਰ-ਵਿਰੋਧ ਕਰਨ ਲੱਗ ਪਏ। ਉਨ੍ਹਾਂ ਨੇ ਜਾਂ ਮਾਖੋਵਾਲ, ਅਨੰਦਪੁਰ ਸਾਹਿਬ ਦੀ ਧਰਤੀ ਖਾਲੀ ਕਰਨ ਜਾਂ ਚੁੱਪ ਕਟੀ ਕਰਨ ਲਈ ਆਖਿਆ। ਪਹਾੜੀ ਰਾਜਿਆਂ ਨੇ ਆਪਣੀ ਰਾਜਨੀਤਿਕ ਵਿਸ਼ੇਸ਼ਤਾ, ਸਮਾਜਿਕ ਉਚਿਤਾ ਤੇ ਕੌਮੀ ਹੈਂਕੜ ਨੂੰ ਹਥਿਆਰ ਬਣਾ ਕੇ ਦਸਮੇਸ਼ ਪਿਤਾ ਨੂੰ ਜ਼ੇਰ ਕਰਨਾ ਚਾਹਿਆ।ਭੰਗਾਣੀ ਦੇ ਯੁੱਧ ਸਮੇਂ ਜਦ ਉਹ ਆਪਣੇ ਭੈੜੇ ਮਨਸੂਬਿਆਂ ਵਿਚ ਸਫਲ ਨਾ ਹੋਏ ਤਾਂ ਪਹਾੜੀ ਰਾਜਿਆਂ ਨੇ ਸ਼ਾਹੀ ਅਤਾਬ ਦਾ ਡਰ ਦਿੱਤਾ। ਸਮੇਂ ਦੀ ਸਰਕਾਰ ਨੇ ਦਿਲ ਖੋਲ੍ਹ ਕੇ ਸਹਾਇਤਾ ਕੀਤੀ।ਜਿਸ ਔਰੰਗਜ਼ੇਬ ਨੂੰ ਆਪਣੇ ਪੁੱਤਰ ਸ਼ਹਿਜ਼ਾਦਾ ਮੁਅਜਮ ਦਾ ਕਾਬਲ ਵਿਖੇ ਦਰਬਾਰ ਲਗਾਉਣ ਵੇਲੇ ਨਗਾਰੇ ਵਜਾਉਣਾ ਚੰਗਾ ਨਹੀਂ ਸੀ ਲੱਗਾ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਰਣਜੀਤ ਨਗਾਰੇ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ? ਕਾਬਲ ਤੋਂ ਖੂਫੀਆ ਨੇਦਿੱਲੀ ਖਬਰ ਭੇਜੀ ਸੀ ਕਿ ਜਦ 'ਮੁਅਜ਼ਮ' ਨੇ ਦਰਬਾਰ ਲਗਾਇਆ ਤਾਂ ਚਾਰ ਨਗਾਰੇ ਵਜਾਏ। ਔਰੰਗਜ਼ੇਬ ਨੇ ਗੁੱਸੇ ਵਿਚ ਭੜਕ ਕੇ ਲਿਖਿਆ ਸੀ, 'ਚਾਰ ਨਗਾਰਿਆਂ ਦੀ ਥਾਂ ਤੈਨੂੰ ਕੇਵਲ ਚਾਰ ਢੋਲ ਵਜਾਉਣੇ ਚਾਹੀਦੇ ਸਨ ਕਿਉਂ ਜੋ ਨਗਾਰਾ ਵਜਾਉਣ ਦਾ ਹੱਕ ਦਰਬਾਰ ਲੱਗਣ ਸਮੇਂ ਕੇਵਲ ਸ਼ਹਿਨਸ਼ਾਹ ਨੂੰ ਹੀ ਹੈ।ਜਦ ਅੱਲਾਹ-ਪਾਕ ਤੈਨੂੰ ਤਖਤ-ਨਸ਼ੀਨ ਕਰੇਗਾ ਤਾਂ ਤੂੰ ਖੁਸ਼ੀ ਨਾਲ ਇਨ੍ਹਾਂ ਸ਼ਾਹੀ ਹੱਕਾਂ ਦੀ ਵਰਤੋਂ ਕਰ ਸਕਦਾ ਹੈ।' ਰਣਜੀਤ ਨਗਾਰੇ ਦੀ ਗੂੰਜਦੀ ਆਵਾਜ਼ ਨੂੰ ਰੋਕਣ ਲਈ ਔਰੰਗਜ਼ੇਬ ਨੇ ਪਹਿਲਾਂ ਸਰਹੰਦ ਦੇ ਨਵਾਬ, ਫੇਰ ਹੁਸੈਨ ਖਾਨ ਤੇ ਉਪਰੰਤ ਆਪਣੇ ਬੇਟੇ ਸ਼ਹਿਜ਼ਾਦਾ ਮੁਅਜ਼ਮ ਨੂੰ ਵੀ ਹੁਕਮ ਭੇਜਿਆ। ਇਨ੍ਹਾਂ ਨਿੱਤ ਦੀਆਂ ਰੁਕਾਵਟਾਂ ਦੇ ਬਾਵਜੂਦ ਲਹਿਰ ਵੱਧਦੀ ਗਈ। ਗੁਰੂ ਜੀ ਨੇ ਕੌਮ ਉਸਾਰੀ ਦੇ ਕੰਮ ਨੂੰ ਹੱਥੋਂ ਖਿਨ ਪਲ ਲਈ ਵੀ ਨਾ ਛੱਡਿਆ। ਮਸੰਦਾਂ ਨੇ ਵੀ ਰੋਕ ਪਾਉਣੀ ਚਾਹੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਸਿਰ ਹੀ ਕਰੜੇ ਹੱਥਾਂ ਨਾਲ ਮਸੰਦਾਂ ਦੀ ਸਾਜ਼ਿਸ਼ ਨੂੰ ਦਬਾ ਦਿੱਤਾ।ਗੁਰੂ ਜੀ ਗੱਦੀ ਦੀ ਜ਼ਿੰਮੇਂਵਾਰੀ ਸੰਭਾਲਣ ਸਮੇਂ ਤੋਂ ਹੀ ਇਹ ਮਹਿਸੂਸ ਕਰ ਰਹੇ ਸਨ ਕਿ ਜਬਰ ਵਾਲੀਆਂ ਵਿਰੋਧੀ ਤਾਕਤਾਂ ਦਾ ਸਦੀਵੀ ਟਾਕਰਾ ਕਰਨ ਲਈ ਇਕ ਤਕੜੀ ਜਥੇਬੰਦ ਕੌਮ ਦੀ ਲੋੜ ਹੈ, ਜੋ ਇਕ ਖਿਆਲ ਦੀ ਤਾਰ ਨਾਲ ਬੱਝੀ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਬਾਣੀ, ਵਿਚਾਰ, ਵਿਵੇਕ, ਸੇਵਾ, ਸੁੱਚੀ ਕਿਰਤ, ਨਿਰਮਲ ਕਰਮ, ਸਿਮਰਨ ਤੇ ਨਾਮ ਦੇ ਨਾਲ-ਨਾਲ ਮਨੁੱਖ ਦੀ ਉਤਮਤਾ, ਇਨਸਾਨੀ ਅਧਿਕਾਰਾਂ ਦੀ ਮਹੱਤਤਾ, ਸਰਬ-ਸਾਂਝੀਵਾਲਤਾ ਦੇ ਆਦਰਸ਼ਾਂ ਨੂੰ ਖੂਬ ਦ੍ਰਿੜ੍ਹ ਕਰ ਦਿੱਤਾ ਪਰ ਜੀਵਨ ਆਸ਼ਾ ਕੁੱਝ ਹੋਰ ਉਚੇਰਾ ਕਰਨ ਦੀ ਲੋੜ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਸੀ।ਪਵਿੱਤਰ ਤੇ ਉਜਲ ਹੋ ਚੁੱਕੀ ਸ਼ਖਸੀਅਤ ਨੂੰ ਜੀਵਨ ਸੰਗਰਾਮ ਵਿਚ ਧਰਮ ਯੁੱਧ ਦੀ ਕਠਿਨ ਖੇਡ ਖੇਡਣ ਵਿਚ ਪਾਇਆ ਜਾਏ। ਭਗਤ ਦੀ ਥਾਂ ਸ਼ਹੀਦ ਲਵੇ। ਸਿੱਖ ਸਿੰਘ ਬਣ ਵਿਸ਼ੇਸ਼ ਮਨੁੱਖ ਹੋ ਨਿਤਰੇ ਤੇ ਰਣ-ਭੂਮੀ ਨੂੰ ਐਸੇ ਹੀ ਧਰਮ ਖੇਤਰ ਮੰਨੇ ਜਿਵੇਂ ਉਹ ਧਰਮਸਾਲ ਨੂੰ ਮੰਨਦਾ ਹੈ। ਸ਼ਬਦ ਦੇ ਨਾਲ-ਨਾਲ ਸ਼ਸਤਰ ਦਾ ਵੀ ਸਤਿਕਾਰ ਹੋਵੇ। ਦੂਜੇ ਸ਼ਬਦਾਂ ਵਿਚ ਸਿੰਘ ਨੂੰ ਉਚੀ ਪੱਧਰ ਦੀ ਸਿਆਸਤ ਵੀ ਦਿੱਤੀ ਜਾਏ। ਉਸ ਦੀ ਸਿਆਸਤ ਜਬਰ ਤੇ ਗਿਰਾਵਟ ਵਿਰੁੱਧ ਯੁੱਧ ਦੀ ਸਿਆਸਤ ਹੋਵੇ। ਨਿਸ਼ਕਾਮ ਘਾਲਣਾ ਦੀ ਸਿਆਸਤ ਹੋਵੇ, ਜਿਸ ਦਾ ਸਵਾਰਥ, ਨਿਜੀ ਧੜੇ ਬੰਦੀ ਤੇ ਸੰਸਾਰਕ ਸਫਲਤਾਵਾਂ ਨਾਲ ਕੋਈ ਸਬੰਧ ਨਾ ਹੋਵੇ। ਉਸ ਦਾ ਕੌਮੀ ਤਰਾਨਾ ਹੋਵੇ। ਵਗਦੀਆਂ ਤੇਗਾਂ ਵਿਚ ਵੀ ਉਸ ਦੀ ਧੁਨੀ ਹੋਵੇ। ਉਸ ਦੇ 'ਗਗਨ ਦਮਾਮੇ' ਸਦਾ ਚੋਟ ਵੱਜਦੀ ਰਵੇ ਤਾਂ ਕਿਮਾਇਆ ਦੀ ਖਿੱਚ ਉਸ ਨੂੰ ਪੋਹ ਨਾ ਸਕੇ । ਦੀਨ (ਗਰੀਬ) ਕੇ ਹੇਤ ਪਰਜਾ ਪੁਰਜਾ ਕਟ ਮਰਨ ਦੀ ਸਮਰਥਾ ਉਹ ਰੱਖਦਾਹੋਵੇ। ਐਸੇ ਆਦਰਸ਼ਾਂ ਉਤੇ ਕਰਬਾਨ ਹੋਣ ਵਾਲੀ ਜਮਾਤ ਦਾ ਨਿਰਮਾਣ ਕੀਤਾ ਜਾਏ। ਕਨਿੰਘਮ ਵੀ ਕੁੱਝ ਇਸੇ ਹੀ ਭਾਵ ਦੀ ਗੱਲ ਲਿਖਦਾ ਹੈ ਕਿ ਅਸਲ ਵਿਚ ਸੀ ਗੁਰੁ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਗੁਰੁ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਇਹ ਖਿਆਲ ਘਰ ਕਰ ਗਿਆ ਸੀ ਕਿ ਲਿਤਾੜੇ ਤੇ ਮੁਰਦਾ ਹੋ ਚੁੱਕੇ ਲੋਕਾਂ ਨੂੰ ਨਵੇਂ ਸਿਰਿਉਂ ਉਤਸ਼ਾਹ ਵਾਲੀ ਕੌਮ ਬਣਾਉਣ ਦੀ ਲੋੜ ਹੈ।ਪਹਾੜੀ ਰਾਜਿਆਂ ਨਾਲ ਯੁੱਧ ਤੇ ਜਿੱਤਾਂ :-ਮੁਗਲ ਫੌਜਾਂ ਦੀ ਹਾਰ ਤੇ ਸਿੱਖਾਂ ਦੇ ਚੜ੍ਹਦੀ ਕਲਾ ਵਾਲੇ ਜਜ਼ਬੇ ਨੂੰ ਦੇਖ ਗੁਰੂ ਜੀ ਨੇ ਪੰਥ ਦੇ ਵਿਚਾਰ ਨੂੰ ਅੰਤਮ ਸ਼ਕਲ ਦੇਣ ਦਾ ਫੈਸਲਾ ਕਰ ਲਿਆ ਸੀ। ਸਮੱਗਰੀ ਤਿਆਰ ਹੋ ਚੁੱਕੀ ਸੀ, ਸਿਰਫ ਕਲਾਕਾਰੀ ਹੱਥਾਂ ਦੀ ਲੋੜ ਸੀ, ਜੋ ਇਕ ਜੀਉਂਦਾ ਕੌਮੀ ਮੰਦਰ ਤਿਆਰ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਹੀ ਇਹ ਅਨੁਭਵ ਕਰ ਲਿਆ ਸੀ ਕਿ ਬਿਰਾਦਰੀ ਤੋਂ ਛੇਕੇ ਤੇ ਲਿਤਾੜੇ ਲੋਕਾਂ ਵਿਚ ਜਜ਼ਬਾ ਭਰ ਕੇ ਵੱਡੀ ਤੋਂ ਵੱਡੀ ਸੰਸਾਰਕ ਤਾਕਤ ਨਾਲ ਟਕਰਾਣਾ ਤੇ ਜਿੱਤ ਪ੍ਰਾਪਤ ਕਰਨੀ ਕੋਈ ਅਸੰਭਵ ਕੰਮ ਨਹੀਂ। ਗੁਰੂ ਜੀ ਨੇ ਇਹ ਵੀ ਅਨੁਭਵ ਕਰ ਲਿਆ ਸੀ ਕਿ ਜਿਸ ਬੀਰ ਜਥੇਬੰਦੀ ਦੀ ਉਸਾਰੀ ਵਿਚ ਉਹ ਲੱਗੇ ਹੋਏ ਹਨ, ਉਸ ਦੇ ਹਰ ਅੰਸ਼ ਵਿਚ ਸੰਤ-ਸਿਪਾਹੀ ਵਾਲਾ ਗੁਣ ਹੋਣਾ ਲਾਜ਼ਮੀ ਹੈ। ਸੰਤ ਹੋ ਕੇ ਉਹ ਆਚਰਣ ਦੀ ਮੂਰਤ ਬਣੇ ਤੇ ਸਿਪਾਹੀ ਬਣ ਕੇ ਨਾ ਸਿਰਫ ਆਦਰਸ਼ਾਂ ਦਾ ਪਹਿਰੇਦਾਰ ਰਵੇ, ਸਗੋਂ 'ਸਦਾ ਸਦ ਜਾਗਤ' ਹੋ ਜਬਰ, ਜਾਬਰ ਅਤੇ ਗਿਰਾਵਟ ਵਿਰੁੱਧ ਡਟੇ। ਹਰ ਕਿਸੇ ਧਰਮ ਤੇ ਹਰ ਅਨਿਆਈ ਹਮਲੇ ਦਾ ਡਟ ਕੇ ਮੁਕਾਬਲਾ ਕਰਨ ਦੀ ਸ਼ਕਤੀ ਉਸ ਵਿਚ ਹੋਵੇ। ਪੰਥ ਸੇਵਕ ਸੰਸਥਾ ਹੋਵੇ, ਇਸਲਾਮ ਦੀ ਮਿਲਤ ਵਾਂਗੂ ਜਬਰ ਦੀ ਜਮਾਤ ਨਾ ਬਣੇ। ਹਰ ਲਿਤਾੜਿਆ ਜਾ ਰਹਿਆ ਲੋੜ ਵੇਲੇ ਪੰਥ ਕੋਲੋਂ ਸਹਾਇਤਾ ਦੀ ਆਸ ਰੱਖ ਸਕੇ।ਪੰਥ ਦੀ ਸੰਸਥਾ ਦੇ ਤੁਲ ਦਾ ਕੋਈ ਸ਼ਬਦ ਭਾਰਤੀ ਸਾਹਿਤ ਜਾਂ ਦਰਸ਼ਨ ਵਿਚੋਂ ਲਭਿਆ ਨਹੀਂ ਜਾ ਸਕਦਾ। ਜੇ ਕੋਈ ਐਸੀ ਕੋਸ਼ਿਸ਼ ਕਰੇ ਵੀ ਤਾਂ ਉਸ ਨੂੰ ਪੂਰਨ ਨਿਰਾਸਤਾ ਹੋਵੇਗੀ।ਹਿੰਦੁਸਤਾਨੀ ਸੂਝ ਤੋਂ ਪੰਥ ਦਾ ਖਿਆਲ ਬਹੁਤ ਦੁਰੇਡਾ ਤੇ ਚੌੜੇਰਾ ਹੈ। ਭਾਰਤੀ ਫਲਸਫਾ ਭੇਖ, ਵਰਣ ਤੇ ਉਸ ਦੇ ਆਧਾਰ 'ਤੇ ਰਚੀ ਵੱਧ ਤੋਂ ਵੱਧ ਜਾਤੀ ਨੂੰ ਹੀ ਜਾਣਦਾ ਹੈ। ਇਸ ਤੋਂ ਅਗੇਰੇ ਨਾ ਉਹ ਜਾ ਸਕਿਆ ਹੈ ਤੇ ਨਾ ਉਸ ਵਿਚ ਜਾਣ ਦੀ ਸਮਰੱਥਾ ਹੈ। ਇਸੇ ਭੇਖ ਵਰਣ ਦੀ ਘੁੰਮਣ-ਘੇਰੀ ਵਿਚ ਪੈ ਸਦੀਆਂ ਤੱਕ ਗੋਤੇ ਖਾਂਦਾ ਰਿਹਾ ਹੈ। ਇਹ ਦਸਮੇਸ਼ ਪਿਤਾ ਜੀ ਦੇ ਹੀ ਹਿੱਸੇਆਇਆ ਹੈ ਕਿ ਪੰਥ ਦੇ ਵਿਚਾਰਾਂ ਦਾ ਨਿਰਮਾਣ ਕਰਨ ਤੇ ਵੱਖਰੀ ਰੂਪ-ਰੇਖਾ ਦੇ ਕੇ ਇਸ ਦੀ ਸਾਜਣਾ ਵੀ ਕਰਨ। ਸਿੱਖ ਧਰਮ ਦੀ ਸਿਆਸੀ ਤੇ ਧਾਰਮਿਕ ਰੁਚੀ ਦੇ ਸੰਗਮ ਦਾ ਨਾਂ ਪੰਥ ਹੈ, ਪੰਥ ਕੋਈ ਨਿਰੋਲ ਧਾਰਮਿਕ ਸੰਸਥਾ ਦਾ ਨਾਂ ਨਹੀਂ ਤੇ ਨਾ ਹੀ ਕੇਵਲ ਇਹ ਸਮਾਂ ਟਪਾਉਣ ਲਈ ਉਸਾਰਿਆ ਕੋਈ ਹੱਥ-ਠੋਕਾ ਹੈ।ਪੰਥ ਉਨ੍ਹਾਂ ਮਰਜੀਵੜਿਆਂ ਦਾ ਇਕੱਠ ਹੈ ਜਿਨ੍ਹਾਂ ਦੀਨ ਤੇ ਦੁਨੀ ਦੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਆਸ਼ਿਆਂ ਤੇ ਨਿਸ਼ਾਨਿਆਂ ਨੂੰ ਪ੍ਰਵਾਨ ਕਰ ਲਿਆ ਤੇ ਉਨ੍ਹਾਂ ਨਿਸ਼ਾਨਿਆਂ ਤੇ ਆਸ਼ਿਆਂ ਦੀ ਪੂਰਤੀ ਲਈ ਆਪਾ ਵਾਰਨ ਲਈ ਤਤਪਰ ਹੋ ਗਏ। ਉਹ ਨਿਜੀ ਘਾਲਣਾ ਦੇ ਨਾਲ-ਨਾਲ ਸਮੂਹਿਕ ਘਾਲਣਾ ਕਰਨਾ ਵੀ ਫਰਜ਼ ਸਮਝਣ ਲੱਗ ਪਏ। ਇਕੱਲਿਆਂ ਤੁਰਨਾ ਤੇ ਜੂਝਣਾ ਆਸਾਨ ਹੈ ਪਰ ਜੇ ਇਕ ਹੋਰ ਨੂੰ ਨਾਲ ਲੈ ਕੇ ਤੁਰਨਾ ਹੋਵੇ ਤਾਂ ਜ਼ੋਰ ਬੇਸ਼ਕ ਘੱਟ ਲਗਦਾ ਹੈ ਪਰ ਸਾਵਧਾਨੀ ਦੀ ਲੋੜ ਵਧ ਜਾਂਦੀ ਹੈ, ਨਾਲ ਹੀ ਦੂਹਰਾ ਕੰਮ ਹੋ ਜਾਦਾ ਹੈ, ਇਕ ਆਪਣੇ ਆਪ ਨੂੰ ਤੋਰੀ ਰੱਖਣਾ ਤੇ ਦੂਜੇ ਸਾਥ ਨੂੰ ਲੈ ਕੇ ਤੁਰਨਾ। ਜੇ ਇਕ ਤੋਂ ਵੱਧ ਹੋ ਜਾਣ ਤਾਂ ਜ਼ਰਾ ਕੁ ਖੁੰਝਾਈ ਵੀ ਠੇਢੇ ਲਵਾ ਕੇ ਕਾਫਲੇ ਨੂੰ ਕੁਰਾਹੇ ਪਾ ਸਕਦੀ ਹੈ। ਸੋ ਗੁਰੂ ਸਾਹਿਬ ਨੇ ਪੰਥ ਦੀ ਸਾਜਣਾ ਧਰਮ ਤੇ ਮਾਨਵਤਾ ਦਿਆਂ ਆਦਰਸ਼ਾਂ ਦੀ ਰੱਖਿਆ ਲਈ ਕੀਤੀ। ਇਹ ਰੱਖਿਆ ਕੋਈ ਭੇਖ, ਵਰਣ ਜਾਂ ਜਾਤੀ ਨਹੀਂ ਸੀ ਕਰ ਸਕਿਆ। ਇਸ ਆਸ਼ੇ ਦੀ ਪੂਰਤੀ ਲਈ ਕਿਸੇ ਜੀਵਤ, ਚਲਣ ਹਿਲਣ ਵਾਲੇ, ਸਦਾ ਤੁਰੇ ਰਹਿਣ ਵਾਲੇ (ਡਾਇਨੈਮਕ), ਸ਼ਕਤੀ ਭਰਪੂਰ ਉਤਸ਼ਾਹੀ ਵਿਚਾਰ ਦੀ ਲੋੜ ਸੀ ਜੋ ਸਮਾਜ ਵਿਚ ਨਵੀਂ ਗਰਮੀ, ਜੋਸ਼ ਤੇ ਸਾਹਸ ਲਿਆਵੇ। ਇਸੇ ਲਈ ਪੰਥ ਦੀ ਸਾਜਣਾ ਕੀਤੀ ਗਈ।ਇਸ ਮੰਤਵ ਨੂੰ ਮੁੱਖ ਰੱਖ ਕੇ ਗੁਰੂ ਗੋਬਿੰਦ (ਸਿੰਘ) ਜੀਨੇ ਚਾਰੇ ਪਾਸੇ ਹੁਕਮਨਾਮੇ ਭੇਜੇ ਕਿ ਪਹਿਲੀ ਵਿਸਾਖ 1756 (30 ਮਾਰਚ, 1699) ਨੂੰ ਸਿੱਖ ਵੱਡੀ ਗਿਣਤੀ ਵਿਚ ਅਨੰਦਪੁਰ ਸਾਹਿਬ ਪੁੱਜਣ। ਵੈਸਾਖ ਦੀ ਪਹਿਲੀ ਚੁਣਨ ਦਾ ਵੀ ਖਾਸ ਕਾਰਨ ਸੀ। ਪਹਿਲੀ ਵੈਸਾਖ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ 'ਮਨੁੱਖ ਦੀ ਉਤਮੱਤਾ' ਤੇ ਭੇਖ ਭਰਮਾਂ ਦੀ ਵਿਅਰਥਤਾ ਦੇ ਪ੍ਰਚਾਰ ਦਾ ਹਰਦੁਆਰ ਤੋਂ ਆਰੰਭ ਕੀਤਾ ਸੀ। ਫੇਰ ਪਹਿਲੀ ਵੈਸਾਖ ਨੂੰ ਹੀ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਕੜ ਟੁੱਟਾ ਸੀ ਤੇ ਜਲ ਬਾਉਲੀ ਵਿਚ ਭਰਿਆ ਸੀ। ਹਿੰਦੁਸਤਾਨ ਵਿਚ ਪਹਿਲੀ ਵਾਰੀ ਲਿਤਾੜੇ ਜਾ ਰਹੇ, ਦੁਰੇ ਦੁਰੇ ਕੀਤੇ ਹੋਏ ਮਨੁੱਖਾਂ ਨੇ ਅਖੌਤੀ ਉਚੀ ਜਾਤੀਆਂ ਨਾਲ ਰਲ ਕੇ ਇਸ਼ਨਾਨ ਕੀਤਾ ਸੀ ਤੇ ਜਲ ਛਕਿਆ ਸੀ। ਭਿਟ-ਸੁੱਚ ਦਾ ਭਰਮ ਬਾਉਲੀ ਸਾਹਿਬ ਨੇ ਹੀ ਭੰਨਿਆ ਸੀ।ਵੈਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ ਸਨ। ਉਨ੍ਹਾਂ ਦਾ ਪਵਿੱਤਰ ਜੀਵਨ ਸਿੱਖਾਂ ਲਈ ਪ੍ਰੇਰਨਾ ਸੀ ਕਿਸ਼ਾਹਾਂ ਸਾਹਮਣੇ ਨਹੀਂ ਝੁਕਣਾ, ਆਦਰਸ਼ਾਂ ਦਾ ਪਹਿਰਾ ਦਿੰਦੇ ਹੋਏ ਕੁਰਬਾਨ ਹੋ ਜਾਣਾ ਹੀ ਠੀਕ ਜ਼ਿੰਦਗੀ ਹੈ। ਬਾਬਾ ਰਾਮ ਰਾਇ ਵਾਲਾ ਖੁਸ਼ਾਮਦੀ ਤੇ ਲਾਲਚੀ ਜੀਵਨ ਦੇਖਣ ਨੂੰ ਕਿਤਨਾ ਸੁਖਾਵਾਂ ਤੇ ਪੱਧਰਾ ਹੋਵੇ, ਨਹੀਂ ਅਪਨਾਉਣਾ। ਅੱਠਵੇਂ ਪਾਤਸ਼ਾਹ ਦੇ ਅੰਤਲੇ ਮਹਾਵਾਕਾਂ, 'ਬਾਬਾ ਬਕਾਲਾ' ਨੇ ਕੁੱਝ ਚਿਰ ਜ਼ਰੂਰ ਮੁਸ਼ਕਿਲ ਪੈਦਾ ਕਰ ਦਿੱਤੀ ਸੀ ਪਰ ਸਿੱਖਾਂ ਨੂੰ ਇਕ ਨਵਾਂ ਉਤਸ਼ਾਹ ਵੀ ਉਸੇ ਮਹਾਵਾਕ ਨੇ ਹੀ ਦਿੱਤਾ ਸੀ। ਸਿੱਖਾਂ ਦਾ ਇਕ ਤਰ੍ਹਾਂ ਦਾ ਇਮਤਿਹਾਨ ਸੀ ਕਿ ਉਹ ਭਰਮ ਵਿਚ ਫਸਦੇ ਹਨ ਕਿ ਨਹੀਂ।ਸਿੱਖਾਂ ਨੇ ਆਪਣੇ ਇਸ਼ਟ ਗੁਰੂ ਤੇਗ ਬਹਾਦਰ ਜੀ ਨੂੰ ਮੱਖਣ ਸ਼ਾਹ ਲੁਬਾਣਾ ਬਣ ਕੇ ਲੱਭ ਲਿਆ। ਉਹ ਪ੍ਰੀਖਿਆ ਵਿਚ ਫੇਲ੍ਹ ਨਾ ਹੋਏ। ਕੁੱਝ ਐਸਾ ਹੀ ਪਰਚਾ ਵੈਸਾਖੀ ਵਾਲੇ ਦਿਨ ਪੈਣ ਵਾਲਾ ਸੀ।ਵੈਸਾਖੀ ਵਾਲੇ ਦਿਨ ਸੂਰਜ ਆਪਣੇ ਸਿਖਰ ਤੇ ਚਮਕਦਾ ਹੈ ਅਤੇ ਇਸ ਵੈਸਾਖੀ ਨੂੰ ਵੀ ਸਿਖਰ ਦੀ ਘਟਨਾ ਹੋਣ ਵਾਲੀ ਸੀ। ਵੈਸਾਖੀ ਵਾਲੇ ਦਿਨ ਹੀ ਸਰਦੀਆਂ ਦੀ ਜੰਮੀ ਹੋਈ ਬਰਫ ਪਿਘਲ ਕੇ ਮੈਦਾਨਾਂ ਵੱਲ ਵਹਿ ਟੁਰਦੀ ਹੈ ਤੇ ਪਿਆਸਿਆਂ ਦੀ ਤੇਹ ਮਿਟਾਂਦੀ ਹੈ। ਕੁੱਝ ਐਸਾ ਹੀ ਵੈਸਾਖ ਨੂੰ ਹੋਇਆ। ਸਦੀਆਂ ਤੋਂ ਪਿਆਸੀਆਂ ਰੂਹਾਂ ਦੀ ਆਤਮਿਕ ਪਿਆਸ ਬੁੱਝੀ ਤੇ ਮੁਰਦਾ ਹੋ ਚੁੱਕੀਆਂ ਰੂਹਾਂ ਵਿਚ ਨਵੀਂ ਜ਼ਿੰਦਗੀ ਦੀ ਲਹਿਰ ਦੌੜੀ।ਸੋ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਨੂੰ ਪੂਰਨ ਸ਼ਕਲ ਦੇਣ ਲਈ ਵੈਸਾਖ ਵਾਲਾ ਮਹਾਨ ਦਿਨ ਹੀ ਚੁਣਿਆ। ਭਾਵੇਂ ਵੈਸਾਖੀ ਵਾਲੇ ਦਿਨ ਸਿੱਖਾਂ ਦਾ ਜੁੜਨ ਦਾ ਸੁਭਾਅ ਬਣਿਆ ਹੋਇਆ ਸੀ ਪਰ ਫਿਰ ਵੀ ਗੁਰੂ ਜੀ ਨੇ ਉਚੇਚੇ ਸੱਦੇ ਭੇਜੇ ਤਾਂ ਕਿ ਉਚੇਚਾ ਇਕੱਠਾ ਹੋ ਸਕੇ। ਤੀਹ ਮਾਰਚ ਨੂੰ ਇਕ ਉਚੇ ਪੱਧਰ ਥਾਂ 'ਤੇ ਜਿਸ ਨੂੰ ਕਿਲ੍ਹੇ ਦੀ ਸ਼ਕਲ ਪਹਿਲਾਂਹੀ ਦਿੱਤੀ ਹੋਈ ਸੀ, ਭਾਰੀ ਇਕੱਠ ਹੋਇਆ। ਔਰੰਗਜ਼ੇਬ ਦੇ ਖੂਫੀਏ ਵੀ ਉਥੇ ਪੁੱਜੇ ਹੋਏ ਸਨ। ਵੱਡੇ ਦੀਵਾਨ ਅਸਥਾਨ ਦੇ ਨਾਲ ਇਕ ਛੋਟਾ ਜਿਹਾ ਤੰਬੂ ਵੀ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਜੀ ਨੇ ਆਪਣੀ ਕ੍ਰਿਪਾਨ ਮਿਆਨ ਵਿਚੋਂ ਕੱਢ ਕੇ ਇਕੱਠ ਨੂੰ ਬੁਲਾਉਣ ਦਾ ਮੰਤਵ ਗੱਜ ਕੇ ਦੱਸਿਆ ਤੇ ਫਿਰ ਕਿਹਾ, 'ਕੋਈ ਹੈ ਜੋ ਇਨ੍ਹਾਂ ਆਸ਼ਿਆਂ ਤੇ ਨਿਸ਼ਾਨਿਆਂਲਈ ਜਾਨ ਵਾਰਨ ਲਈ ਤਿਆਰ ਹੋਵੇ। ਸਾਰੇ ਪਾਸੇ ਪਹਿਲਾਂਚੁੱਪ ਚਾਂ ਛਾ ਗਈ ਪਰ ਛੇਤੀ ਹੀ ਭਾਈ ਦਇਆ ਰਾਮ ਜੀ ਲਾਹੌਰਵਾਲੇ ਉਠੇ ਤੇ ਉਨ੍ਹਾਂ ਆਪਣਾ ਸੀਸ ਭੇਟ ਕੀਤਾ। ਇਸੇ ਤਰ੍ਹਾਂ ਚਾਰ ਵਾਰੀ ਪੁਕਾਰਨ 'ਤੇ ਵਾਰੋ-ਵਾਰੀ ਚਾਰ ਹੋਰ ਭਾਈ ਧਰਮ ਦਾਸ ਜੀ ਦਿੱਲੀ, ਭਾਈ ਹਿੰਮਤ ਰਾਇ ਜੀ ਜਗਨ ਨਾਥਪੁਰੀ, ਭਾਈ ਮੋਹਕਮ ਚੰਦ ਜੀ ਦੁਆਰਕਾ ਤੇ ਭਾਈ ਸਾਹਿਬ ਚੰਦ ਜੀ ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਭੇਟ ਕੀਤੇ। ਗੁਰੂ ਜੀ ਹਰ ਇਕਨੂੰ ਛੋਟੇ ਤੰਬੂ ਵਿਚ ਲੈ ਜਾਂਦੇ। (ਇਥੇ ਇਤਨਾ ਹੀ ਕਹਿਣਾ ਕਾਫੀ ਹੈ

**ਪ੍ਰਿੰ: ਸਤਿਬੀਰ ਸਿੰਘ**

# ਆਖਰ ਹੋਰ ਕਿੰਨੇ ਤਰਨਜੋਤ ਚਾਈਨਾ ਡੋਰ ਦਾ ਸ਼ਿਕਾਰ ਹੋਣਗੇ?



ਬੀਤੇ ਦਿਨੀਂ ਸਮਰਾਲਾ ਸ਼ਹਿਰ ਵਿੱਚ ਇਕ ਮੋਟਰਸਾਈਕਲ ਸਵਾਰ ਨੌਜਵਾਨ ਵੀਰ ਤਰਨਜੋਤ ਸਿੰਘ ਦੀ ਚਾਈਨਾ ਡੋਰ ਨਾਲ ਗਲ ਵੱਢੇ ਜਾਣ ਕਾਰਨ ਮੌਤ ਹੋ ਗਈ। ਨੌਜਵਾਨ ਮਾਪਿਆ ਦਾ ਇਕਲੌਤਾ ਬੱਚਾ ਦੱਸਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਤੇ ਆ ਰਹੀਆਂ ਵੀਡੀਓਜ਼ ਅਤੇ ਤਸਵੀਰਾਂ ਵਿਚ ਉਸ ਦੇ ਮਾਤਾ ਪਿਤਾ ਦਾ ਹਾਲ ਦੇਖਿਆ ਨਹੀਂ ਜਾ ਰਿਹਾ! ਇਸ ਤੋਂ ਪਹਿਲਾਂ ਵੀ ਚਾਈਨਾ ਡੋਰ ਨਾਲ ਅਨੇਕਾਂ ਹਾਦਸੇ ਵਾਪਰ ਚੁੱਕੇ ਹਨ ਪ੍ਰੰਤੂ ਇਹ ਹਾਲੇ ਵੀ ਜਿਉਂ ਦੀ ਤਿਉਂ ਅੰਦਰਖਾਤੇ ਸ਼ਹਿਰਾਂ ਵਿਚ ਵਿਕ ਰਹੀ ਹੈ!ਮੌਜੂਦਾ ਸਮੇਂ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਚਾਈਨਾ ਡੋਰ ਨਾਲ ਹੋ ਰਹੀਆਂ ਮੌਤਾਂ ਅਤੇ ਗੰਭੀਰ ਜ਼ਖ਼ਮਾਂ ਦੀਆਂ ਘਟਨਾਵਾਂ ਨੇ ਸਮਾਜ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਤਿਉਹਾਰਾਂ, ਖ਼ਾਸ ਕਰਕੇ ਲੋਹੜੀ, ਬਸੰਤ ਅਤੇ ਮਕਰ ਸੰਕ੍ਰਾਂਤੀ ਦੇ ਮੌਕਿਆਂ 'ਤੇ ਪਤੰਗਬਾਜ਼ੀ ਦੌਰਾਨ ਵਰਤੀ ਜਾਣ ਵਾਲੀ ਇਹ ਨੁਕੀਲੀ ਤੇ ਖ਼ਤਰਨਾਕ ਡੋਰ ਬੇਗੁਨਾਹ ਲੋਕਾਂ ਦੀ ਜਾਨ ਲਈ ਖ਼ਤਰਾ ਬਣ ਚੁੱਕੀ ਹੈ। ਚਾਈਨਾ ਡੋਰ ਨਾਇਲਾਨ ਜਾਂ ਪਲਾਸਟਿਕ ਦੀ ਬਣੀ ਹੁੰਦੀ ਹੈ, ਜਿਸ 'ਤੇ ਕਚ ਅਤੇ ਰਸਾਇਣ ਲਗੇ ਹੁੰਦੇ ਹਨ, ਜੋ ਆਮ ਸੂਤੀ ਡੋਰ ਨਾਲੋਂ ਕਈ ਗੁਣਾ ਵੱਧ ਘਾਤਕ ਹੁੰਦੀ ਹੈ।ਸੜਕਾਂ 'ਤੇ ਮੋਟਰਸਾਈਕਲ ਜਾਂ ਸਾਈਕਲ ਸਵਾਰ ਅਕਸਰ ਇਸ ਡੋਰ ਦਾ ਸ਼ਿਕਾਰ ਬਣਦੇ ਹਨ। ਗਰਦਨ, ਚਿਹਰੇ ਜਾਂ ਹੱਥਾਂ 'ਤੇ ਡੋਰ ਲੱਗਣ ਨਾਲ ਤੁਰੰਤ ਗੰਭੀਰ ਜ਼ਖ਼ਮ ਜਾਂ ਮੌਤ ਤੱਕ ਹੋ ਸਕਦੀ ਹੈ। ਕਈ ਮਾਮਲਿਆਂ ਵਿੱਚ ਬੱਚੇ ਅਤੇ ਪੰਛੀ ਵੀ ਇਸਦੀ ਚਪੇਟ ਵਿੱਚ ਆ ਕੇ ਜ਼ਖ਼ਮੀ ਜਾਂ ਮਾਰੇ ਜਾਂਦੇ ਹਨ। ਇਹ ਸਿਰਫ਼ ਹਾਦਸੇ ਨਹੀਂ, ਸਗੋਂ ਮਨੁੱਖੀ ਲਾਪਰਵਾਹੀ ਅਤੇ ਕਾਨੂੰਨੀ ਢਿਲਪੁਣੇ ਦਾ ਨਤੀਜਾ ਹਨ।ਭਾਵੇਂ ਪੰਜਾਬ ਸਰਕਾਰ ਵੱਲੋਂ ਚਾਈਨਾ ਡੋਰ ਦੀ ਵਿਕਰੀ, ਸਟੋਰ ਕਰਨ ਅਤੇ ਵਰਤੋਂ 'ਤੇ ਪਾਬੰਦੀ ਲਗਾਈ ਗਈ ਹੈ, ਪਰ ਹਕੀਕਤ ਵਿੱਚ ਇਹ ਡੋਰ ਗੁਪਤ ਤੌਰ 'ਤੇ ਬਾਜ਼ਾਰਾਂ ਵਿੱਚ ਆਸਾਨੀ ਨਾਲ ਮਿਲ ਜਾਂਦੀ ਹੈ। ਕੁਝ ਵਪਾਰੀ ਵੱਧ ਮੁਨਾਫ਼ੇ ਦੀ ਲਾਲਚ ਵਿੱਚ ਕਾਨੂੰਨ ਦੀ ਉਲੰਘਣਾ ਕਰਦੇ ਹਨ, ਜਦਕਿ ਖਪਤਕਾਰ ਵੀ ਖ਼ਤਰੇ ਨੂੰ ਨਜ਼ਰਅੰਦਾਜ਼ ਕਰਕੇ ਇਸਦੀ ਵਰਤੋਂ ਕਰਦੇ ਹਨ। ਕਾਨੂੰਨੀ ਕਾਰਵਾਈ ਦੀ ਕਮੀ ਅਤੇ ਨਿਗਰਾਨੀ ਦੀ ਕਮਜ਼ੋਰੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਉਂਦੀ ਹੈ।ਇਸ ਮਸਲੇ ਦਾ ਹੱਲ ਸਿਰਫ਼ ਪਾਬੰਦੀ ਨਾਲ ਸੰਭਵ ਨਹੀਂ। ਸਮਾਜਕ ਜਾਗਰੂਕਤਾ ਸਭ ਤੋਂ ਵੱਡਾ ਹਥਿਆਰ ਹੈ। ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਮੁਹਿੰਮਾਂ ਰਾਹੀਂ ਨੌਜਵਾਨਾਂ ਨੂੰ ਚਾਈਨਾ ਡੋਰ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਉਣਾ ਲਾਜ਼ਮੀ ਹੈ। ਮੀਡੀਆ ਅਤੇ ਸੋਸ਼ਲ ਮੀਡੀਆ ਨੂੰ ਵੀ ਜ਼ਿੰਮੇਵਾਰ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਵਿੱਚ ਡਰ ਨਹੀਂ, ਸਗੋਂ ਸਮਝ ਪੈਦਾ ਹੋਵੇ।ਸਾਥ ਹੀ, ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰੇ, ਗੈਰਕਾਨੂੰਨੀ ਵਿਕਰੀ 'ਤੇ ਕੜੀ ਕਾਰਵਾਈ ਕਰੇ ਅਤੇ ਦੋਸ਼ੀਆਂ ਲਈ ਕਠੋਰ ਸਜ਼ਾਵਾਂ ਯਕੀਨੀ ਬਣਾਵੇ। ਸੁਰੱਖਿਅਤ ਸੂਤੀ ਡੋਰ ਨੂੰ ਉਤਸ਼ਾਹਿਤ ਕਰਨਾ ਅਤੇ ਤਿਉਹਾਰਾਂ ਦੌਰਾਨ ਨਿਰਧਾਰਤ ਥਾਵਾਂ 'ਤੇ ਪਤੰਗਬਾਜ਼ੀ ਦੀ ਆਗਿਆ ਦੇਣਾ ਵੀ ਇਕ ਵਧੀਆ ਕਦਮ ਹੋ ਸਕਦਾ ਹੈ।ਅਖ਼ੀਰ ਵਿੱਚ, ਇਹ ਸਮਝਣਾ ਜ਼ਰੂਰੀ ਹੈ ਕਿ ਮਨੋਰੰਜਨ ਕਿਸੇ ਦੀ ਜਾਨ ਨਾਲ ਖੇਡ ਕੇ ਨਹੀਂ ਕੀਤਾ ਜਾ ਸਕਦਾ। ਜੇਕਰ ਅਸੀਂ ਅੱਜ ਜ਼ਿੰਮੇਵਾਰੀ ਨਹੀਂ ਦਿਖਾਈ, ਤਾਂ ਕੱਲ੍ਹ ਹੋਰ ਪਰਿਵਾਰ ਆਪਣੇ ਲਾਡਲੇ ਗਵਾ ਬੈਠਣਗੇ। ਚਾਈਨਾ ਡੋਰ ਤੋਂ ਮੁਕਤ ਪੰਜਾਬ ਹੀ ਸੁਰੱਖਿਅਤ ਅਤੇ ਸੰਵੇਦਨਸ਼ੀਲ ਸਮਾਜ ਦੀ ਨਿਸ਼ਾਨੀ ਹੋਵੇਗਾ।

**ਗੁਰਪ੍ਰੀਤ ਸਿੰਘ, ਸੰਪਾਦਕ, ਖ਼ਾਲਸਾ ਅਖ਼ਬਾਰ**

# ਪਵਿੱਤਰ ਕਿਰਪਾਨ



ਹਰ ਸਿੱਖ ਗੁਰੂ ਦੀ ਪਵਿੱਤਰ ਕਿਰਪਾਨ ਧਾਰਨ ਕਰਦਾ ਹੈ, ਆਪਣੀ ਨਹੀਂ । ਕਿਰਪਾਨ ਗੁਰੂ ਵਲੋਂ ਸੌਗਾਤ ਹੈ । ਇਹ ਵਾਰ ਤੇ ਬਚਾਓ ਦਾ ਹਥਿਆਰ ਹੈ । ਇਹ ਗੁਰੂ ਦੇ ਪਿਆਰ ਦੁਆਰਾ ਬਣਾਇਆ ਗਿਆ ਡੂੰਘੇ ਭਾਵਾਂ ਵਾਲਾ ਮਨ ਹੈ । ਸਿੱਖ ਨੂੰ ਕਿਰਪਾਨ ਵਰਗੇ ਮਨ ਦੀ ਜ਼ਰੂਰਤ ਹੈ। ਇਹ ਅਤਿ ਸੰਵੇਦਨਸ਼ੀਲ ਰੂਹ ਦਾ ਜ਼ਾਹਰਾ ਪ੍ਰਤੀਕ ਹੈ ।ਕਿਰਪਾਨ ਤੇਜ਼ੀ ਨਾਲ ਕੱਟਦੀ ਹੈ, ਮਨ ਵੀ ਪਲ ਵਿਚ ਇਹ ਕਾਰਜ ਕਰ ਸਕਦਾ ਹੈ । ਭੇਡਾਂ ਦੇ ਵੱਗ ਜਿਹੀ ਮੂਰਖਤਾ ਭਰੀ ਮਾਨਸਿਕਤਾ ਤੇ ਸਵਰਗੀ ਬਾਜ ਵਾਂਗ ਉਡਣ ਦੀ ਪੂਰਨ ਅਸਮਰਥਾ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਦੇ ਨਾਲ ਨਹੀਂ ਰਹਿ ਸਕਦੀ । ਇਹ ਗੁਰੂ ਦੇ ਸਿੱਖ ਦੀ ਅਨੰਤ ਸ਼ਖਸੀਅਤ ਦਾ ਕੇਵਲ ਪ੍ਰਤੀਕ ਮਾਤਰ ਹੈ। ਜੋ ਹਾਰ ਨਹੀਂ ਮੰਨਦਾ । ਉਦਾਸ ਆਤਮਕ ਪ੍ਰਕਾਸ਼, ਆਸਾ ਵਿਚ ਅਜਿੱਤ ਰਹਿੰਦੀ ਸ਼ਖਸੀਅਤ ਹੈ ।ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ "ਸਵਾ ਲਾਖ ਸੇ ਏਕ ਲੜਾਉਂ" ਇਹ ਗਿਆਨਵਾਨ ਮਨ ਦੀ ਪ੍ਰਭੁਤਾ ਹੈ । ਅਤਿ ਸ਼ਿਦਤ ਭਰੀ ਤੇ ਵਿਕਸਿਤ ਬੁਧੀ ਕੁਦਰਤੀ ਮਾਤ ਪਾਉਣ ਵਾਲੀ ਬਣ ਜਾਂਦੀ ਹੈ ਤੇ ਇਥੋਂ ਤੱਕ ਕਿ ਇਹ ਭੌਤਕ ਦ੍ਰਿਸ਼ਟੀ ਤੋਂ ਵੀ ਮਨਮੋਹਣੀ ਤੇ ਦਿਲਕਸ਼ ਬਣ ਜਾਂਦੀ ਹੈ । ਇਹ ਆਪ ਆਪਣੇ ਦੁਆਲੇ ਆਪਣੇ ਪਤੰਗਿਆਂ ਨੂੰ ਇਕਠਾ ਕਰਦੀ ਹੈ ਜਿਵੇਂ ਰਾਤ ਨੂੰ ਲੈਂਪ ਦੀ ਅਤਿ ਚਮਕੀਲੀ ਰੋਸ਼ਨੀ ਕਰਦੀ ਹੈ । ਦੈਵੀ ਮਾਨਵ ਦੀ ਹੋਂਦ ਲੱਖਾਂ ਨੂੰ ਵਸ ਵਿਚ ਕਰ ਲੈਂਦੀ ਹੈ । ਉਹ ਮਨ ਕੀ ਹੈ ਜਿਹੜਾ ਬਿਜਲੀ ਵਾਂਗ ਨਹੀਂ ਲਿਸ਼ਕਦਾ ਜਾਂ ਕਿਰਪਾਨ ਵਾਂਗ ਨਹੀਂ ਚਮਕਦਾ । ਜ਼ਿੰਦਗੀ ਦੇ ਮੈਦਾਨ-ਏ-ਜੰਗ ਵਿਚ ਸਾਰੀਆਂ ਜਿੱਤਾਂ ਮਾਨਸਿਕ ਤੇ ਨੈਤਿਕ ਹੁੰਦੀਆਂ ਹਨ । ਸਰੀਰਕ ਜਿੱਤਾਂ ਕਿਹੜੀਆਂ ਜਿੱਤਾਂ ਹਨ ?ਮੇਰਾ ਵਿਚਾਰ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਧਾਰਨ ਕਰਨ ਵਾਲਾ ਉਸ ਦੀ ਰੂਹ ਵਿਚ ਵਿਗਸਿਆ ਆਪ ਮੁਹਾਰਾ ਮਨੁਖ ਹੈ । ਇੰਨਾਂ ਆਖਣਾ ਹੀ ਕਾਫੀ ਹੈ ਕਿ ਗੁਰੂ ਦੀ ਕਿਰਪਾਨ ਪਹਿਨਣ ਵਾਲੀ ਇਜੜ-ਮਾਨਸਿਕਤਾ ਇਕ ਮਖੌਲ ਹੈ ਜਿਵੇਂ ਜਗਨਨਾਥ ਦੀ ਮੂਰਤੀ ਸਾਹਮਣੇ ਪਿੱਤਲਦੇ ਥਾਲਾਂ ਵਿਚ ਮਿੱਟੀ ਦੇ ਦੀਵੇ ਜਗਾਉਣੇ ਜਿਸ ਦੇ ਜੁਆਬ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਸਿਧ ਆਰਤੀ ਗਾਈ ਸੀ। ਉਨ੍ਹਾਂ ਨੂੰ ਗੁਰਾਂ ਦੀ ਕਿਰਪਾਨ ਪਹਿਨਣ ਦਾ ਕੋਈ ਲਾਭ ਨਹੀਂ ਜੇਕਰ ਬੰਦਾ ਪੂਰੀ ਤਰ੍ਹਾਂ ਅਧਿਆਤਮਕ ਨਹੀਂ ਬਣਿਆਂ ਤੇ ਮਨੁਖ ਦੇ ਅੰਦਰਲਾ ਪਸ਼ੂ ਸੁੰਗੜ ਕੇ ਛੋਟਾ ਪਾਲਤੂ ਜੀਵ ਨਹੀਂ ਬਣਿਆ ਜਿਹਾ ਸੇਂਟ ਫ੍ਰਾਂਸਿਸ਼ ਨੇ ਆਖਿਆ ਹੈ "ਉਹਦੇ ਗਧੇ!"ਕੀ ਮੈਨੂੰ ਗੁਰੂ ਦੇ ਤੋਹਫੇ ਮਿਲੇ ਹਨ ? ਹੋ ਸਕਦਾ ਹੈ ਮੈਂ ਉਹਨਾਂ ਨੂੰ ਗੁਆ ਦਿਤਾ ਹੁੰਦਾ ਪਰ ਮੈਂ ਆਪਣੇ ਕੇਸ ਨਹੀਂ ਗੁਆ ਸਕਦਾ । ਮੈਂ ਆਪਣਾ ਕੜਾ ਨਹੀਂ ਗੁਆ ਸਕਦਾ । ਕਿਉਂਕਿ ਤੁਹਾਨੂੰ ਯਾਦ ਹੈ ਪੰਚਮ ਪਤਸ਼ਾਹ ਨੇ ਕਿਵੇਂ ਆਪਣੇ ਸਿੱਖ ਭਾਈ ਗੁਰਦਾਸ ਜੀ ਨੂੰ ਬਨਾਰਸ ਤੋਂ ਵਾਪਸ ਬੁਲਾਇਆ ਸੀ । ਸੇਵਕ ਨਾਲ ਗਿਆ ਸੀ ਤੇ ਉਸ ਨੂੰ ਵਾਪਸ ਲਿਆਂਦਾ ਗਿਆ ਰੱਸੇ ਨਾਲ ਨੂੜ ਕੇ । ਜੇਕਰ ਇਸ ਤਰ੍ਹਾਂ ਗੁਰੂ ਦੇ ਸੱਦੇ ਨੂੰ ਲਿਆ ਜਾਵੇ । ਸਾਨੂੰ ਸਾਰਿਆਂ ਨੂੰ ਬੁਲਾਇਆ ਗਿਆ ਹੈ । ਅਸੀਂ ਉਸ ਦੀ ਰੂਹਾਨੀ ਫੌਜ ਹਾਂ । ਸਾਨੂੰ ਉਸ ਦੇ ਤੋਹਫੇ ਨੂੰ ਪਹਿਨਣਾ ਪੈਣਾਂ ਹੈ ਅਸੀਂ ਅਨੰਤ ਪਿਆਰ ਦੇ ਗੁਲਾਮ ਹਾਂ। ਇਹ ਪਿਆਰ ਦੀਆਂ ਬੇੜੀਆਂ ਹਨ, ਸਾਡੀ ਆਜ਼ਾਦੀ ਦਾ ਮੁੱਲ ਹੈ ।ਜਿਹਨਾਂ ਨੂੰ ਗੁਰੂ ਨਾਲ ਪ੍ਰੇਮ ਨਹੀਂ ਹੈ ਅਜੇ ਉਹ ਗੁਰੂ-ਆਂਗਣ ਤੋਂ ਬਾਹਰ ਨੇ ਪਰ ਸਾਡੀ ਆਜ਼ਾਦੀ ਗੁਰੂ ਵਿਚ ਹੈ ਤੇ ਉਸ ਬਿਨਾਂ ਕਿਧਰੇ ਨਹੀਂ । ਸਾਡੇ ਨਾਲ ਸਿੱਖ ਪ੍ਰਚਾਰਕ ਦੇ ਲਹਿਜੇ ਵਿਚ ਗੱਲ ਨਾ ਕਰੋ । ਨਾ ਇਹ ਕਿਸੇ ਧਰਮ ਦੇ ਪ੍ਰਤੀਕ ਹਨ ਤੇ ਨਾ ਹੀ ਕਿਸੇ ਧਾਰਮਕ ਰਹਿਤ ਮਰਿਆਦਾ ਦੀਆਂ ਲਾਜ਼ਮੀ ਰਸਮਾਂ ਹਨ । ਇਹ ਤਾਂ ਗੁਰੂ ਵਲੋਂ, ਲਾੜੇ ਵਲੋਂ ਵਿਆਂਹਦੜ ਕੁੜੀ ਲਈ ਵਿਆਹ ਦੀਆਂ ਸੌਗਾਤਾਂ ਹਨ।ਉਸ ਗੁਰੂ ਨੇ ਸਾਨੂੰ ਸਭ ਕੁਝ ਬਖਸ਼ਿਆ ਹੈ ਤੇ ਉਹ ਪਵਿਤਰ ਹੈ । ਭਰਮ ? ਹਾਂ, ਪਰ ਕਿਸ ਪਿਆਰ ਵਿਚ ਨਹੀਂ ਹੈ ਤੇ ਕਿਸ ਪਿਆਰ ਨੇ ਨਹੀਂ ਪਾਲੇ ਆਪਣੇ ਭਰਮ ?

**ਪ੍ਰੋ: ਪੂਰਨ ਸਿੰਘ**

# ਸੇਵਾ ਵਿਹੂਣੇ ਹੱਥ

"ਜ਼ਾਲਮ ਸਿੰਘ! ਜ਼ਾਲਮ ਪਿਆਸ ਨੂੰ ਨਿਵਾਰ, ਠੰਢਾ ਪਾਣੀ ਲਿਆ।" ਥੋੜੇ ਜਿਹੇ ਸਿੱਖ ਤੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਆਲੇ ਦੁਆਲੇ ਬੈਠੇ ਸੀ ਤੇ ਕੋਈ ਵਾਰਤਾਲਾਪ ਹੋ ਰਹੀ ਸੀ ਕਿ ਸਾਹਿਬ ਗੱਲ ਕਰਦੇ ਕਰਦੇ ਚੁੱਪ ਹੋ ਗਏ, ਇਧਰ ਉਧਰ ਤੱਕੇ ਤੇ ਜ਼ਾਲਮ ਸਿੰਘ ਗਡਵਈ ਨੂੰ ਪਾਣੀ ਵਾਸਤੇ ਉੱਪਰ ਲਿਖੀ ਅਵਾਜ਼ ਦਿੱਤੀ, ਪਰ ਉਹ ਨੇੜੇ ਨਹੀਂ ਸੀ। ਇਕ ਹੋਰ ਸੁਹਣਾ, ਚੜ੍ਹਦੀ ਉਮਰ ਦਾ, ਆਪਣੇ ਰੂਪ ਜੋਬਨ ਦਾ ਮਦਮੱਤਾ ਸਿੱਖ ਬੈਠਾ ਸੀ, ਜੋ ਬੜੇ ਸੂਛ ਬਸਤ੍ਰ ਪਹਿਨੇ ਉੱਜਲੇਪਨ ਦੇ ਸ਼ੌਂਕ ਵਿਚ ਓਪਰਾ ਓਪਰਾ ਰਿਹਾ ਕਰਦਾ ਸੀ। ਇਹ ਗੱਭਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਾਲਮ ਸਿੰਘ ਤੋਂ ਪਾਣੀ ਮੰਗ ਦੀ ਅਵਾਜ਼ ਸੁਣ ਕੇ ਉਠ ਖੜੋਤਾ ਤੇ ਹੱਥ ਜੋੜ ਕੇ ਆਖਣ । ਲੱਗਾ- 'ਪਾਤਸ਼ਾਹ ਜੇ ਆਗਿਆ ਬਖਸ਼ੋ ਤਾਂ ਮੈਂ ਜਲ ਲਿਆਵਾਂ, ਜ਼ਾਲਮ ਸਿੰਘ ਤਾਂ ਹਾਜ਼ਰ ਨਹੀਂ ਦੀਹਦਾ।' ਸਤਿਗੁਰਾਂ ਨੇ ਦੂਰੋਂ ਹੀ ਸੈਨਤ ਕਰ ਦਿੱਤੀ ਕਿ ਲੈ ਆਓ। ਗੱਭਰੂ ਚਲਾ ਗਿਆ ਅਤੇ ਥੋੜੇ ਚਿਰ ਵਿਚ ਹੀ ਠੰਢੇ ਜਲ ਦਾ ਕਟੋਰਾ ਭਰ ਕੇ ਲੈ ਆਇਆ ਤੇ ਆ ਪੇਸ਼ ਕੀਤਾ। ਸਤਿਗੁਰਾਂ ਨੇ ਕਟੋਰਾ ਲੈ ਲਿਆ। ਫਿਰ ਸਿੱਖ ਗੱਭਰੂ ਵੱਲ ਤੱਕ, ਸੂਛ ਉੱਜਲ ਦਿੱਸ ਆਇਆ। ਫੇਰ ਹੱਥਾਂ ਵੱਲ ਤੱਕੇ, ਡਿੱਠਾ ਕਿ ਹੱਥ ਬੜੇ ਕੋਮਲ ਜਿਹੇ ਹਨ, ਉਂਗਲੀਆਂ ਪਤਲੀਆਂ ਹਨ, ਸਫਾ ਹਨ, ਪਰ ਮਲੂਕ ਐਉਂ ਜਿਉਂ ਰਾਖਵੀਆਂ ਰੱਖੀਆਂ ਹੁੰਦੀਆਂ ਹਨ। ਤਦ ਸਾਹਿਬ ਬੋਲੇ- 'ਸਿੱਖਾ! ਤੂੰ ਦੱਸ ਕੀ ਕੰਮ ਕਰਦਾ ਹੁੰਦਾ ਹੈਂ, ਤੇਰੇ ਹੱਥ ਤਾਂ ਬੜੇ ਪਤਲੇ ਕੂਲੇ ਹਨ?'ਸਿੱਖ ਬੱਚਾ- ਪਾਤਸ਼ਾਹ! (ਦੁਇ ਹੱਥ ਜੋੜ ਕੇ) ਇਹ ਹੱਥ ਆਪ ਅੱਗੇ ਹੀ ਜੁੜਦੇ ਹਨ ਤੇ ਆਪ ਜੋਗਾ ਹੀ ਜਲ ਲਿਆਏ ਹਨ, ਸਰੀਰ ਦੀ ਰਹਿਤ ਬਹਿਤ ਮੈਂ ਸੁੱਚੀ ਰੱਖਦਾ ਹਾਂ।ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ- ਹੱਛਾ........ (ਇਹ ਕਹਿ ਕੇ ਪਾਣੀ ਧਰਤੀ 'ਤੇ ਵੀਟਣ ਲੱਗੇ ਭਾਵ ਡੋਲ੍ਹਣ ਲੱਗੇ)ਸਿੱਖ ਬੱਚਾ- ਪਾਤਸ਼ਾਹ! ਮੇਰੇ ਹੱਥ ਸਦਾ ਪਵਿੱਤ੍ਰ ਰਹੇ ਹਨ।

**ਆਪ ਸੰਸਾ ਨਾ ਕਰੋ। ਸੁੱਚਾ ਹੈ, ਛਕੋ।ਗੁਰੂ ਜੀ ਨੇ ਕਟੋਰਾ ਉਲਟ ਦਿੱਤਾ, ਪਾਣੀ ਧਰਤੀ ਵਿਚ ਲੇਟ ਗਿਆ। ਸਿੱਖ ਬੱਚਾ ਹਰਿਆਨਿਆਂ ਬਉਰਾਨਿਆਂ ਕਦੇ ਲੇਟ ਗਏ (ਡੋਲੇ ਗਏ) ਜਲ ਵੱਲ, ਕਦੇ ਸਤਿਗੁਰਾਂ ਵੱਲ ਤੱਕੇ, ਸਮਝ ਨਾ ਪਵੇ ਕਿ ਕੀ ਅਵੱਗਿਆ ਹੋਈ ਹੈ, ਇੰਨੇ ਨੂੰ ਗੁਰੂ ਜੀ ਬੋਲੇ "ਬਈ ਕੁਸਿੱਖ ਦੇ ਹੱਥ ਛੋਹੇ ਸਨ, ਪੀਣ ਦੇ ਲਾਇਕ ਨਹੀਂਸੀ ਰਿਹਾ।"ਇਹ ਸੁਣ ਕੇ ਸਿੱਖ ਗੱਭਰੂ ਬਹੁਤ ਡਰਿਆ, ਉਪਰੋਂ ਸ਼ਰਮ ਭੀ ਆਈ ਕਿ ਪਾਸ ਬੈਠੇ ਹੋਰ ਸਿੱਖ ਮੈਨੂੰ ਕਿੱਡਾ ਕੁ ਪਾਪੀ ਸਮਝਣਗੇ, ਸੰਗਤ ਵਿਚ ਕੀਹ ਮੂੰਹ ਲੈਕੇ ਫਿਰਾਂਗਾ। ਫੇਰ ਕੰਬਦਾ ਕੰਬਦਾ ਬੋਲਿਆ, 'ਪਾਤਸ਼ਾਹ ਮੈਂ ਸਿੱਖ ਦਾ ਪੁੱਤਰ ਹਾਂ, ਕਦੀਮੀ ਸਿੱਖ ਹਾਂ ਆਪ ਦਾ।**

ਹੁਣ ਭੀ ਧੋਤੇ ਹੋਏ ਸੁੱਚੇ ਸਨ। ਮੈਂ ਇਹ ਹੱਥ ਧੋ ਕੇ ਗੜਵਾ ਮਾਂਜ ਕੇ, ਫੇਰ ਹੱਥ ਸਾਫ਼ ਕਰਕੇ, ਕਟੋਰਾ ਆਪ ਸਾਫ਼ ਕਰਕੇ ਨਿਰਮਲ ਜਲ ਲਿਆਇਆ ਹਾਂ। ਆਪ ਸੰਸਾ ਨਾ ਕਰੋ। ਸੁੱਚਾ ਹੈ, ਛਕੋ।ਗੁਰੂ ਜੀ ਨੇ ਕਟੋਰਾ ਉਲਟ ਦਿੱਤਾ, ਪਾਣੀ ਧਰਤੀ ਵਿਚ ਲੇਟ ਗਿਆ। ਸਿੱਖ ਬੱਚਾ ਹਰਿਆਨਿਆਂ ਬਉਰਾਨਿਆਂ ਕਦੇ ਲੇਟ ਗਏ (ਡੋਲੇ ਗਏ) ਜਲ ਵੱਲ, ਕਦੇ ਸਤਿਗੁਰਾਂ ਵੱਲ ਤੱਕੇ, ਸਮਝ ਨਾ ਪਵੇ ਕਿ ਕੀ ਅਵੱਗਿਆ ਹੋਈ ਹੈ, ਇੰਨੇ ਨੂੰ ਗੁਰੂ ਜੀ ਬੋਲੇ "ਬਈ ਕੁਸਿੱਖ ਦੇ ਹੱਥ ਛੋਹੇ ਸਨ, ਪੀਣ ਦੇ ਲਾਇਕ ਨਹੀਂਸੀ ਰਿਹਾ।"ਇਹ ਸੁਣ ਕੇ ਸਿੱਖ ਗੱਭਰੂ ਬਹੁਤ ਡਰਿਆ, ਉਪਰੋਂ ਸ਼ਰਮ ਭੀ ਆਈ ਕਿ ਪਾਸ ਬੈਠੇ ਹੋਰ ਸਿੱਖ ਮੈਨੂੰ ਕਿੱਡਾ ਕੁ ਪਾਪੀ ਸਮਝਣਗੇ, ਸੰਗਤ ਵਿਚ ਕੀਹ ਮੂੰਹ ਲੈਕੇ ਫਿਰਾਂਗਾ। ਫੇਰ ਕੰਬਦਾ ਕੰਬਦਾ ਬੋਲਿਆ, 'ਪਾਤਸ਼ਾਹ ਮੈਂ ਸਿੱਖ ਦਾ ਪੁੱਤਰ ਹਾਂ, ਕਦੀਮੀ ਸਿੱਖ ਹਾਂ ਆਪ ਦਾ। ਅਸੀਂ ਜੀਵ ਸਦਾ ਭੁੱਲਦੇ ਹਾਂ, ਆਪ ਬਖਸ਼ਿੰਦ ਹੋ, ਬਖਸ਼ੋ, ਜੋ ਮੇਰੀ ਖ਼ਤਾ ਹੈ ਮਾਫ਼ ਕਰੋ ਤੇ ਰਸਤੇ ਪਾਓ।

'ਸ੍ਰੀ ਗੁਰੂ ਜੀ ਸੁਣ ਬਰਖੁਰਦਾਰ! ਤੂੰ ਸਿੱਖ ਦਾ ਪੁੱਤਰ ਖਰਾ, ਤੂੰ ਪਾਹੁਲ ਲਈ, ਤੂੰ ਸਿੱਖੀ ਧਾਰੀ, ਪਰ ਜੇ ਸਿੱਖੀ ਅਮਲ ਵਿਚ ਨਾ ਆਈ ਤਾਂ ਸ਼ੁਮ ਦੇ ਧਨ ਵਾਂਙੂ ਹੋਈ। ਸਿੱਖੀ ਜਦ ਅਮਲ ਵਿਚ ਆਉਂਦੀ ਹੈ ਤਾਂ ਮਨ ਨੂੰ, ਸਰੀਰ ਨੂੰ ਤੇ ਇਸ ਮਨੁੱਖਾ ਜਨਮ ਨੂੰ ਸਫ਼ਲਾ ਕਰਦੀ ਹੈ। ਸਿੱਖੀ ਇਕ ਸਿਖਿਆ ਧਾਰਨ ਕਰਕੇ ਸੁਸਿਖਿਅਤ ਹੋ ਜਾਣ ਦਾ ਨਾਮ ਹੈ। ਸਿੱਖੀ ਆਪਾ ਸੰਵਾਰ ਕੇ ਚੰਦਨ ਵਾਂਙੂ ਖੁਸ਼ਬੂਦਾਰ ਹੋ ਕੇ ਖੁਸ਼ਬੂ ਦਾਨ ਕਰਨ ਦਾ ਨਾਮ ਹੈ।ਸਿੱਖੀ ਇੱਕ ਗਿਆਨ ਹੈ, ਇੱਕ ਭਗਤੀ ਹੈ, ਸਾਂਈ ਨਾਲ ਹਜ਼ੂਰੀ ਵਾਸ ਦਾ ਪ੍ਰੇਮ ਹੈ ਤੇ ਇਹ ਸਾਰਾ ਕੁੱਝ ਅਮਲ ਵਿਚ ਆਉਂਦਾ ਹੈ- ਕਰਨੇ ਦਾ ਰੂਪ ਧਾਰਨ ਕਰਦਾ ਹੈ। ਸਿੱਖੀ ਅਕੈ ਹੋ ਜਾਣ ਦਾ ਨਾਂ ਨਹੀਂ। ਗੰਗਾ ਕਿਨਾਰੇ ਪਈ ਸ਼ਿਲਾ ਵਾਂਙੂ ਕ੍ਰਿਆਹੀਨ ਹੋ ਜਾਣਾ ਸਿੱਖੀ ਨਹੀਂ, ਕ੍ਰਿਆ ਕਰਦੇ ਹੋਏ ਅਕੈ ਰਹਿਣਾ ਸਿੱਖੀ ਹੈ, ਵਾਸਨਾ 'ਤੇ ਫ਼ਤਹਿ ਪਾਉਣੀ ਸਿੱਖੀ ਦੀ ਅਕੈ ਅਵੱਸਥਾ ਹੈ।ਕਿਰਿਆ ਵਿੱਚ ਕਿਰਿਆਸ਼ੀਲ ਰਹਿਣਾ ਅਤੇ ਕਿਰਿਆ ਧਰਮ ਦੀ ਕਰਣੀ ਸਿੱਖੀ ਦੀ ਕਿਰਿਆਮਾਨ ਅਵਸਥਾ ਹੈ।ਸਿੱਖੀ, ਬਰਖੁਰਦਾਰ! ਸੇਵਾ ਤੋਂ ਸ਼ੁਰੂ ਹੁੰਦੀ ਹੈ, ਦੇਖ ਗੁਰੂ ਕੇ ਦੁਆਰੇ ਸਭ ਸੇਵਾ ਕਰ ਰਹੇ ਹਨ।

ਸੇਵਾ ਨਾਲ ਸਰੀਰ ਸੂਛ ਹੁੰਦਾ ਹੈ, ਮਨ ਧੋਤਾ ਜਾਂਦਾ ਹੈ, ਹਉਂ ਦੀ ਮੈਲ ਉਤਰ ਜਾਂਦੀ ਹੈ। ਫਿਰ ਜਦ ਨਾਮ ਪ੍ਰਾਪਤ ਹੋ ਜਾਂਦਾ ਹੈ ਤਾਂ ਪਰਮ ਪੁਰਖ ਦੀ ਹਜ਼ੂਰੀ ਵਿਚ ਸਦਾ ਦਾ ਵਾਸਾ ਮਿਲਦਾ ਹੈ, ਚਿਤ ਦੀ ਯਾਦ ਦਾ ਮੰਡਲ ਪਰਮ ਪੁਰਖ ਨਾਲ ਭਰਪੂਰ ਰਹਿੰਦਾ ਹੈ। ਫਿਰ ਬੀ ਸਿੱਖ ਤੋਂ ਅਮਲ ਵਿਚ ਸੇਵਾ ਹੀ ਸਰ ਆਉਂਦੀ ਹੈ, ਤਦੋਂ ਸਿੱਖ ਤੋਂ ਸਹਿਜ ਭਾ ਦੀ 'ਸੇਵਾ' ਪਈ ਹੁੰਦੀ ਹੈ। ਜਿਵੇਂ ਮੁਸ਼ਕੇ ਫੁੱਲ ਤੋਂ ਖੁਸ਼ਬੋਈ ਦਾਨ ਆਪੇ ਪਈ ਹੁੰਦੀ ਹੈ। ਜੇ ਤੂੰ ਭੀ ਸੇਵਾ ਨਾਲ ਸੂਛ ਹੋ ਕੇ ਵਾਹਿਗੁਰੂ ਨੂੰ ਯਾਦ ਕਰਦੋਂ ਤੇ ਬਾਣੀ ਪੜ੍ਹਦੋਂ, ਵਿਚਾਰਦੋਂ ਤੇ ਸਾਈਂ ਹਜ਼ੂਰੀ ਵਿਚ ਵਸਦੋਂ ਤਦ ਤੈਨੂੰ ਪਤਾ ਲੱਗਦਾ ਕਿ ਸਾਰੇ ਵਿਆਪ ਰਿਹਾ ਹੈ ਜਗਤ ਦਾ ਪ੍ਰੀਤਮ ਵਾਹਿਗੁਰੂ, "ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ।।" ਜਦੋਂ ਤੇਰੀ ਇਹ ਦ੍ਰਿਸ਼ਟੀ ਖੁੱਲ੍ਹਦੀ ਤਾਂ ਤੈਥੋਂ ਸੁਤੇ ਉਪਕਾਰ ਤੇ ਸੇਵਾ ਪਏ ਹੁੰਦੇ। ਤੇਰੀ ਅੰਤ੍ਰੀਵ ਧਾਰਨਾ ਆਪੇ ਅਮਲ ਵਿਚ ਪਈ ਆਉਂਦੀ।ਪਰ, ਕਾਕਾ! ਜੋ ਸੂਛਤਾ ਤੈਂ ਸਰੀਰ ਵਿਚ ਧਾਰੀ, ਉਸ ਉੱਜਲਤਾ ਦਾ ਮਾਨ ਤੇਰੇ ਮਨ ਵਿਚ ਧਸ ਗਿਆ ਕਿ ਮੈਂ ਬੜਾ ਉੱਜਲ ਹਾਂ। ਇਉਂ ਮਨ ਨੂੰ ਮਾਨ ਦੀ ਮੈਲ ਲੱਗ ਗਈ। ਜੇ ਉਹ ਉੱਜਲਤਾ ਸੇਵਾ ਨਾਲ ਅਮਲ ਵਿਚ ਆਉਂਦੀ ਤਾਂ ਮਨ ਨੂੰ ਮਾਨ ਦੀ ਮੈਲ ਨਾ ਲੱਗਦੀ। ਸਗੋਂ ਨਿਰਮਾਨ ਉੱਜਲਤਾ ਦਾ ਰੰਗ ਮਨਨੂੰ ਚੜ੍ਹ ਜਾਂਦਾ। ਸਰੀਰ ਤੇ ਮਨ ਦੁਇ ਨਿਰਮਲ ਹੋ ਜਾਂਦੇ।

ਇਹ ਸੁਣਕੇ ਸਿੱਖ ਬੱਚਾ ਜ਼ਰਾ ਕੁ ਹੋਰ ਉਦਾਸਿਆਜਿਹਾ ਗਿਆ ਤਾਂ ਸਤਿਗੁਰ ਬੋਲੇ: "ਬੱਚਿਆ! ਮੈਨੂੰ ਪਤਾ ਹੈ ਕਿ ਤੇਰੇ ਆਚਰਣ ਮਾੜੇ ਨਹੀਂ, ਪਰ ਉੱਜਲਤਾ ਦੇ ਹੰਕਾਰ ਵਿਚ ਨਿਕੰਮੇ ਹੋ ਬਹਿਣਾ ਉੱਜਲਤਾ ਨੂੰ ਅਮਲ ਵਿਚ ਲਿਆਉਣਾ ਨਹੀਂ। ਕਿਸੇ ਸ਼ੈ ਨੂੰ ਅਮਲ ਵਿਚ ਨਾ ਲਿਆਉਣਾ ਮਾਨੋਂ ਉਸ ਨੂੰ ਮਾਰ ਛੱਡਣਾ ਹੈ। ਜਿਵੇਂ ਮੁਰਦੇ ਦੇ ਹੱਥ ਕੋਈ ਪਾਪ ਕਰਮ ਨਹੀਂ ਕਰਦੇ ਹੁੰਦੇ, ਉਹ ਨਿਕੰਮੇ ਹੋ ਗਏ ਹੁੰਦੇ ਹਨ।

ਦੇਖ ਉਸ ਦੇ ਹੱਥਾਂ ਨੂੰ ਸਾਰੇ ਅਪਵਿੱਤਰ ਜਾਣ ਕੇ ਨਹੀਂ ਛੂੰਹਦੇ। ਨਿਕੰਮੇ ਹੱਥ, ਹਾਂ, ਸੇਵਾ, ਉਪਕਾਰ, ਨੇਕੀ, ਭਲਾਈ ਤੋਂ ਅਕੈ ਹੋ ਗਏ ਹੱਥ ਅਪਾਵਨ ਹਨ, ਮੁਰਦੇ ਤੁੱਲ ਜੁ ਹੋ ਗਏ।" ਕੁਛ ਚਿਰ ਚੁੱਪ ਰਹਿਕੇ ਗੁਰੂ ਜੀ ਫੇਰ ਬੋਲੇ, "ਭਾਈ! ਪਹਿਲਾਂ ਸੇਵਾ ਕਰੀਦੀ ਹੈ ਗੁਰੂ ਦੁਆਰੇ ਤਾਂ ਮੈਲ ਲਹਿੰਦੀ ਹੈ ਕੀਤੇ ਹੋਏ ਕਰਮਾਂ ਦੀ, ਫੇਰ ਹਿਰਦਾ ਸ਼ੁੱਧ ਹੋ ਆਉਂਦਾ ਹੈ। ਸ਼ੁੱਧ ਹਿਰਦੇ ਵਿਚ ਵਾਹਿਗੁਰੂ ਦਾ ਕੀਰਤਨ ਤੇ ਯਾਦ-ਨਾਮ ਤੇ ਸਿਫ਼ਤ ਸਲਾਹ ਦਾ ਵਾਸਾ ਹੁੰਦਾ ਹੈ। ਜਦੋਂ ਸਿਫ਼ਤ ਸਲਾਹ ਤੇ ਨਾਮ ਨਾਲ ਆਪਾ ਹੋਰ ਨਿਰਮਲ ਹੋ ਕੇ ਸਹਿਜ ਘਰ ਆਉਂਦਾ ਹੈ ਤਾਂ ਸਾਰੇ ਕਰਤਾਰ ਦੀ ਹਜ਼ੂਰੀ ਦਿੱਸਦੀ ਹੈ।

ਸਭ ਵਿਚ ਉਸ ਦਾ ਰੂਪ ਭਾਸਦਾ ਹੈ, ਫਿਰ ਸੇਵਾ ਸਹਿਜ ਸੁਭਾਵ ਹੁੰਦੀ ਹੈ। ਹੁਣ ਜੋ ਕੁੱਝ ਸਿੱਖ ਕੇ ਸਿੱਖ ਨੇ ਅਨੁਭਵ ਕੀਤਾ ਹੈ ਉਸ ਦੇ ਅਮਲਾਂ ਵਿਚ ਆ ਜਾਂਦਾ ਹੈ। ਗੁਰਮਤਿ ਦਾ ਸਾਰ ਇਹ ਹੈ ਕਿ ਸਾਰੇ ਅੰਗ ਪਵਿੱਤਰ ਹੁੰਦੇ ਹਨ, ਸ਼ੁਭ ਕਰਮਾਂ ਦੇ ਕਰਨ ਨਾਲ ਤੇ ਮਨ ਨਾਮ ਬਾਣੀ ਨਾਲ।"ਸਿੱਖ ਬੱਚੇ ਨੇ ਸੁਣਕੇ ਸੀਸ ਨਿਵਾਇਆ, ਭੁੱਲ ਬਖਸ਼ਵਾਈ ਤੇ ਸੇਵਾ ਕਰਨ ਲੱਗਾ। ਧਨ ਨਾਲ ਸੇਵਾ ਕਰੇ। ਗੁਰੂ ਰਸਤੇ ਦਾਨ ਦੇਵੇ ਤੇ ਗੁਰੂ ਸੰਗਤਾਂ ਗੁਰਮੁਖਾਂ ਦੀ ਸੇਵਾ ਵਿਚ ਖਰਚ ਕਰੇ। ਤਨ ਨਾਲ ਸੇਵਾ ਕਰੇ ਗੁਰੂ ਕੀ, ਸਾਧ ਸੰਤ ਗੁਰਮੁਖਾਂ ਦੀ, ਗੁਰ-ਸੰਗਤ ਦੀ। ਮਨ ਨਾਲ ਸ੍ਰੀ ਵਾਹਿਗੁਰੂ ਚਿਤ ਧਰੇ ਤੇ ਗੁਰ ਪਰਮੇਸਰ ਦੀ ਕੀਰਤੀ ਚਿਤ ਵਿਚ ਵਸਾਵੇ ਸਤਿਗੁਰੂ ਸੁਣ ਸੁਣ ਕੇ ਪ੍ਰਸੰਨ ਹੋਣ, ਅੰਤ ਸੇਵਾ ਕਮਾਉਂਦਿਆਂ ਸਤਿਗੁਰਾਂ ਦੀ ਮੇਹਰ ਹੋਈ ਤੇ ਧੰਨ ਧੰਨ ਹੋ ਗਿਆ।

**ਭਾਈ ਸਾਹਿਬ ਭਾਈ ਵੀਰ ਸਿੰਘ ਜੀ**

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸੱਜਣ ਕੁਮਾਰ ਨੂੰ ਬਰੀ ਕਰਨ ’ਤੇ ਚੁੱਕੇ ਸਵਾਲ, 1984 ਸਿੱਖ ਕਤਲੇਆਮ ਲਈ ਜ਼ਿੰਮੇਵਾਰੀ ਤੈਅ ਕਰਨ ਲਈ ਕਿਹਾ



ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੀ ਰਾਊਜ਼ ਐਵਨਿਊ ਅਦਾਲਤ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਜਨਕਪੁਰੀ ਨਾਲ ਸਬੰਧਤ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫ਼ੈਸਲੇ ਉੱਤੇ ਸਵਾਲ ਕੀਤਾ ਕਿ ਸਰਕਾਰ ਅਤੇ ਅਦਾਲਤਾਂ ਇਹ ਦੱਸਣ ਕਿ ਫਿਰ ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ ਕਿਸ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸਿੱਖ ਕਤਲੇਆਮ ਦੇ ਦੋ ਕੇਸਾਂ ਵਿੱਚ ਸੱਜਣ ਕੁਮਾਰ ਅਜੇ ਵੀ ਜੇਲ੍ਹ ਅੰਦਰ ਸਜ਼ਾ ਭੁਗਤ ਰਿਹਾ ਹੈ ਅਤੇ ਉਹ ਜੇਲ੍ਹ ਵਿੱਚ ਹੀ ਰਹੇਗਾ, ਪਰੰਤੂ ਇੱਕ ਕੇਸ ਵਿੱਚ ਉਸ ਦਾ ਬਰੀ ਹੋਣਾ ਸਰਕਾਰ ਦੀਆਂ ਜਾਂਚ ਏਜੰਸੀਆਂ ਦੀ ਸੁਹਿਰਦਤਾ ਅਤੇ ਗੰਭੀਰਤਾ ਉੱਤੇ ਵੱਡਾ ਸਵਾਲੀਆ ਚਿੰਨ੍ਹ ਹੈ ਅਤੇ ਇਹ ਸਿੱਖਾਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦੇ ਤੁੱਲ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਿਸ ਸਿੱਖ ਕਤਲੇਆਮ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕੀਤਾ ਗਿਆ ਹੈ ਉਸ ਵਿੱਚ 17 ਸਾਲ ਦੇ ਨਾਬਾਲਗ ਬੱਚੇ ਕਾਕਾ ਗੁਰਚਰਨ ਸਿੰਘ ਨੂੰ ਕਤਲ ਕਰਨ ਲਈ ਉਸ ਨੂੰ ਜਿਉਂਦਾ ਉਸ ਦੇ ਪਿਤਾ ਸ. ਨਾਥ ਸਿੰਘ ਦੇ ਜਲਦੇ ਟਰੱਕ ਵਿੱਚ ਸੁੱਟਿਆ ਗਿਆ ਸੀ। ਕਾਕਾ ਗੁਰਚਰਨ ਸਿੰਘ ਸਾਲ 1984 ਤੋਂ 2008 ਤੱਕ 24 ਸਾਲ ਅੱਧਾ ਜਲਿਆ ਹੋਇਆ ਹਾਲਤ ਵਿੱਚ ਇਹ ਕਹਿੰਦਿਆਂ ਇਨਸਾਫ਼ ਦੀ ਗੁਹਾਰ ਲਗਾਉਂਦਾ ਰਿਹਾ ਕਿ ਉਸ ਦਿਨ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਿਹਾ ਸੀ, ਪਰੰਤੂ ਉਸ ਦੀ ਗੱਲ ਜਾਂਚ ਏਜੰਸੀਆਂ ਨੇ ਨਹੀਂ ਸੁਣੀ, ਨਾ ਹੀ ਉਸ ਦੀ ਗਵਾਹੀ ਦਰਜ ਕੀਤੀ ਗਈ ਅਤੇ ਉਹ ਚਲਾਣਾ ਕਰ ਗਿਆ। ਉਨ੍ਹਾਂ ਕਿਹਾ ਕਿ ਭਾਵੇਂ ਕਿ 2008 ਵਿੱਚ ਸੀਬੀਆਈ ਨੇ ਕਾਕਾ ਗੁਰਚਰਨ ਸਿੰਘ ਦੀ ਗਵਾਹੀ ਰਿਕਾਰਡ ਕੀਤੀ ਪਰੰਤੂ ਉਸ ਨੂੰ ਦਰਜ ਕਰਕੇ ਕੇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕਾਕਾ ਗੁਰਚਰਨ ਸਿੰਘ ਦੀ ਗਵਾਹੀ ਦਰਜ ਕੀਤੇ ਜਾਣ ਦੇ ਬਾਵਜੂਦ ਵੀ ਉਸ ਨੂੰ ਉਸ ਦੇ ਵਿਰੁੱਧ ਕੇਸ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਵਿਰੁੱਧ ਜਨਕਪੁਰੀ ਵਾਲੇ ਕੇਸ ਦੀ ਜਾਂਚ ਦਿੱਲੀ ਪੁਲਿਸ ਵੱਲੋਂ ਕੀਤੀ ਜਾ ਰਹੀ ਸੀ ਪਰੰਤੂ ਦਿੱਲੀ ਪੁਲਿਸ ਨੇ ਕਾਕਾ ਗੁਰਚਰਨ ਸਿੰਘ ਦੇ ਬਿਆਨ ਦਰਜ ਕਰੇ ਬਿਨਾਂ ਹੀ ਕੇਸ ਬੰਦ ਕਰ ਦਿੱਤਾ ਸੀ, ਜੋ ਕਿ ਮੰਦਭਾਗਾ ਹੈ ਅਤੇ ਸਰਕਾਰ ਤੇ ਪੁਲਿਸ ਦੀ ਕਾਰਵਾਈ ਉੱਤੇ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦੂਜਾ ਗਵਾਹ ਸ. ਹਰਵਿੰਦਰ ਸਿੰਘ ਕੋਹਲੀ ਵੀ ਇਹ ਕਹਿੰਦਾ ਰਿਹਾ ਕਿ ਸੱਜਣ ਕੁਮਾਰ ਭੀੜ ਦੀ ਅਗਵਾਈ ਕਰ ਰਿਹਾ ਸੀ, ਪਰੰਤੂ ਉਸ ਦਾ ਮਾਮਲਾ ਵੀ ਬਿਨਾਂ ਜਾਂਚ ਦੇ ਬੰਦ ਕਰ ਦਿੱਤਾ ਗਿਆ। ਬਾਅਦ ਵਿੱਚ ਸਾਲ 2015 ਵਿੱਚ ਜਦੋਂ ਨਵੀਂ ਜਾਂਚ ਟੀਮ ਬਣੀ ਤਾਂ ਸ. ਹਰਵਿੰਦਰ ਸਿੰਘ ਕੋਹਲੀ ਦੇ ਬਿਆਨ ਦਰਜ ਹੋਏ ਪਰੰਤੂ ਉਦੋਂ ਉਹ ਵੀ ਚਲਾਣਾ ਕਰ ਗਿਆ। ਉਨ੍ਹਾਂ ਕਿਹਾ ਕਿ ਦੋਵੇਂ ਮੁੱਖ ਗਵਾਹਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਸੱਜਣ ਕੁਮਾਰ ਨੂੰ ਪਛਾਣ ਕੇ ਉਸ ਵਿਰੁੱਧ ਗਵਾਹੀਆਂ ਦਰਜ ਕਰਵਾਈਆਂ ਪਰ ਇਸ ਦੇ ਬਾਵਜੂਦ ਵੀ ਉਸ ਨੂੰ ਬਰੀ ਕਰ ਦਿੱਤਾ ਗਿਆ, ਜੋ ਕਿ ਮੰਦਭਾਗਾ ਹੈ।ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਨੂੰ ਇਹ ਸਵਾਲ ਕੀਤਾ ਕਿ ਨਵੰਬਰ 1984 ਸਿੱਖ ਕਤਲੇਆਮ ਮਾਮਲਿਆਂ ਵਿੱਚ ਸਰਕਾਰੀ ਅੰਕੜਿਆਂ ਅਨੁਸਾਰ 2733 ਕਤਲ ਹੋਏ ਹਨ ਜਦਕਿ ਅਸਲ ਵਿੱਚ ਕਤਲ ਕਿਤੇ ਵੱਧ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਭਾਵਨਾਵਾਂ ਸ਼ਾਂਤ ਕਰਨ ਲਈ ਸਰਕਾਰ ਦਿੱਲੀ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਹੋਏ ਸਿੱਖ ਕਤਲੇਆਮ ਦੇ ਹਰ ਇੱਕ ਕਤਲ ਮਾਮਲੇ ਵਿੱਚ ਇਹ ਜ਼ਿੰਮੇਵਾਰੀ ਤੈਅ ਕਰੇ ਕਿ ਇਹ ਕਤਲ ਕਿਸ ਨੇ ਕੀਤੇ ਹਨ ਅਤੇ ਇਨ੍ਹਾਂ ਦਾ ਇਨਸਾਫ਼ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਨਸਾਫ਼ ਵਿੱਚ ਜਾਣਬੁੱਝ ਕੇ ਸਾਜ਼ਸ਼ ਤਹਿਤ ਕੀਤੀ ਗਈ ਦੇਰੀ ਲਈ ਕਿਸ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ, ਸਰਕਾਰ ਇਹ ਵੀ ਸਪੱਸ਼ਟ ਕਰੇ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਨਸਾਫ਼ ਦੇਣਾ ਸਰਕਾਰਾਂ ਦੀ ਜ਼ਿੰਮੇਵਾਰੀ ਸੀ ਪਰੰਤੂ ਇਹ ਕੰਮ ਸੰਜੀਦਗੀ ਤੇ ਗੰਭੀਰਤਾ ਨਾਲ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਿੱਖ ਕਾਕਾ ਗੁਰਚਰਨ ਸਿੰਘ ਦੇ ਜਨਕਪੁਰੀ ਇਰਾਦਾ ਕਤਲ ਮਾਮਲੇ ਵਿੱਚ ਵੀ ਇਨਸਾਫ਼ ਲਈ ਸੰਘਰਸ਼ ਜਾਰੀ ਰੱਖਣ ਅਤੇ ਅਦਾਲਤ ਵੱਲੋਂ ਕੀਤੇ ਗਏ ਤਾਜ਼ਾ ਆਦੇਸ਼ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇ।

# ਸ਼੍ਰੋਮਣੀ ਕਮੇਟੀ ਵਫ਼ਦ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਆਪ ਆਗੂ ਆਤਿਸ਼ੀ ਵਿਰੁੱਧ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਉਣ ’ਤੇ ਕਾਰਵਾਈ ਦੀ ਕੀਤੀ ਮੰਗ

## ਦਿੱਲੀ ਵਿਧਾਨ ਸਭਾ ’ਚ ਗੁਰੂ ਸਾਹਿਬਾਨ ਬਾਰੇ ਵਰਤੇ ਸ਼ਬਦਾਂ ਲਈ ਪਰਚਾ ਦਰਜ ਕਰਨ ਲਈ ਦਿੱਤੀ ਦਰਖ਼ਾਸਤ



-ਦਿੱਲੀ/ਅੰਮ੍ਰਿਤਸਰ, 21 ਜਨਵਰੀ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵਫ਼ਦ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਮਾਰਲੇਨਾ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ’ਤੇ ਉਸ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ’ਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਲਿਸ ਕਮਿਸ਼ਨਰ ਨੂੰ ਮਿਲਣ ਲਈ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ ’ਚ ਪੁੱਜੇ ਵਫ਼ਦ ਵਿਚ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਹਰਿਆਣਾ ਸਿੱਖ ਮਿਸ਼ਨ ਦੇ ਇੰਚਾਰਜ ਸ. ਸੁਖਵਿੰਦਰ ਸਿੰਘ ਅਤੇ ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸ. ਮਨਵੀਤ ਸਿੰਘ ਸ਼ਾਮਲ ਸਨ।ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ ਪੁਲਿਸ ਕਮਿਸ਼ਨਰ ਨੂੰ ਦਿੱਤੀ ਦਰਖ਼ਾਸਤ ਵਿਚ ਕਿਹਾ ਗਿਆ ਕਿ 6 ਜਨਵਰੀ ਨੂੰ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਵਿਧਾਨ ਸਭਾ ਅੰਦਰ ਗੁਰੂ ਸਾਹਿਬਾਨ ਪ੍ਰਤੀ ਅਪਮਾਨਜਨਤਕ ਸ਼ਬਦ ਵਰਤਦਿਆਂ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਸ ਵੱਲੋਂ ਵਰਤੇ ਗਏ ਸ਼ਬਦ ਵਿਧਾਨ ਸਭਾ ਦੀ ਕਾਰਵਾਈ ਵਿਚ ਵੀ ਦਰਜ ਹਨ। ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ ਸਮੁੱਚੀ ਮਾਨੁੱਖਤਾ ਲਈ ਰਾਹ-ਦਸੇਰਾ ਹਨ। ਸਿੱਖ ਕੌਮ ਹਮੇਸ਼ਾਂ ਹੀ ਗੁਰੂ ਸਾਹਿਬਾਨ ਦੇ ਸਿਧਾਂਤਾਂ ਅਨੁਸਾਰ ਜਾਤ, ਪਾਤ, ਨਸਲ, ਭੇਦ ਤੋਂ ਉਪਰ ਉੱਠ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀ ਹੈ। ਦਿੱਲੀ ਦੀ ਆਪ ਆਗੂ ਵੱਲੋਂ ਗੁਰੂ ਸਾਹਿਬਾਨ ਵਿਰੁੱਧ ਟਿੱਪਣੀਆਂ ਨੇ ਦੁਨੀਆ ਭਰ ਅੰਦਰ ਵੱਸੇ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਬੁਰੀ ਤਰ੍ਹਾਂ ਠੇਸ ਪਹੁੰਚਾਈ ਹੈ। ਉਸ ਵੱਲੋਂ ਇਹ ਟਿੱਪਣੀਆਂ ਜਾਣਬੁਝ ਕੇ ਕੀਤੀਆਂ ਗਈਆਂ ਹਨ, ਜੋ ਉਸ ਦੀ ਸਿੱਖਾਂ ਪ੍ਰਤੀ ਮਾਨਸਿਕਤਾ ਨੂੰ ਬਿਆਨ ਕਰਦੀਆਂ ਹਨ।

ਪੁਲਿਸ ਕਮਿਸ਼ਨਰ ਨੂੰ ਲਿਖੇ ਪੱਤਰ ਵਿਚ ਜ਼ਿਕਰ ਕੀਤਾ ਗਿਆ ਕਿ ਇਸ ਸਮੇਂ ਜਦੋਂ ਭਾਰਤ ਸਮੇਤ ਪੂਰੀ ਦੁਨੀਆ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮਨਾ ਕੇ ਉਨ੍ਹਾਂ ਵੱਲੋਂ ਕੀਤੀ ਕੁਰਬਾਨੀ ਨੂੰ ਯਾਦ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਸਮੇਂ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਦੁਆਰਾ ਗੁਰੂ ਸਾਹਿਬਾਨ ਪ੍ਰਤੀ ਅਜਿਹੀ ਸ਼ਬਦਾਵਲੀ ਵਰਤਣੀ ਬੇਹੱਦ ਮੰਦਭਾਗੀ ਹੈ। ਵਫ਼ਦ ਨੇ ਪੁਲਿਸ ਕਮਿਸ਼ਨਰ ਪਾਸੋਂ ਆਪ ਆਗੂ ਆਤਿਸ਼ੀ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਦਲੇ ਪਰਚਾ ਦਰਜ ਕਰਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ, ਤਾਂ ਜੋ ਅੱਗੇ ਤੋਂ ਕੋਈ ਵੀ ਸਿਆਸੀ ਆਗੂ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਹਰਕਤ ਨਾ ਕਰੇ।

# Sri Akal Takht Sahib orders probe into desecration incident at Gurdwara Sahib in Mahal village of Jalandhar; calls for strict action against culprits

Sri Amritsar-Taking serious note of the desecration committed by miscreants who tore the sacred parts of Sri Guru Granth Sahib Ji at a Gurdwara Sahib in Mahal village of Jalandhar district, the Acting Jathedar of Sri Akal Takht Sahib, Giani Kuldip Singh Gargajj, has ordered an investigation into the incident.Strongly condemning the act, Giani Kuldip Singh Gargajj said that Sri Guru Granth Sahib Ji is the living, eternal Guru of the Sikhs and the very basis of our existence; therefore, no compromise whatsoever can be made with the honour and sanctity of the Guru Sahib. He said it should be considered a collective responsibility to ensure round-the-clock vigilance, and to make the management of gurdwaras robust and secure.



He pointed out that laxity still exists in the management of gurdwaras at several places, which indicates that for some managements, personal authority and dominance are more important than the honour and respect of the Guru Sahib. He asked the Sikh sangat to ensure constant security and proper functioning of surveillance cameras at their respective gurdwaras.According to preliminary information, miscreants yesterday evening allegedly got a child to commit desecration of the sacred parts of Sri Guru Granth Sahib at the Gurdwara Sahib in Mahal village, deeply hurting Sikh religious sentiments and causing widespread anger among the sangat.Jathedar Giani Kuldip Singh Gargajj said he has spoken to the Chief Secretary of the Shiromani Gurdwara Parbandhak Committee (SGPC) and local members, instructing them to ensure an impartial investigation into the entire incident. He has also directed the Head Granthi of Takht Sri Kesgarh Sahib, Giani Joginder Singh, to immediately lead a team from the Takht Sahib to the site of the incident and submit a report on the overall management of the Gurdwara Sahib and the desecration incident.

He further said that today the Jathedar of Takht Sri Damdama Sahib, Giani Tek Singh, will also reach the spot to take a comprehensive review of the situation.The Jathedar asked the Punjab government to promptly identify and make public the conspirators and the main accused involved in this act of sacrilege and to take strict legal action against them.

He added that information has also been received that the arrangements at the concerned Gurdwara Sahib were not in accordance with the guidelines issued by Sri Akal Takht Sahib and the SGPC. If this is found to be the case, strict action will also be taken against the gurdwara management.

श्री गुरु नानक देव जी के समय एवं उनसे कुछ समय बाद भी जहां 'संगत' तथा सत्य की विचार करने वाले सिक्ख गुरु के पास बैठकर तत्ववेत्ता एवं ज्ञाता बनते थे उस पवित्र स्थान को 'धरमसाल' (धर्मशाला) कहते थे। गुरु नानक पातशाह ने गुरसिक्खी की मूल बाणी 'जपु' के शिखर पर पहुंच कर 'धरमसाल' की बड़ी गहरी, गंभीर तथा स्पष्ट व्याख्या की है। इस बाणी के अनुसार धरमसाल वो है जहां सगुण एवं निर्गुण साथ-साथ चलते हैं। दुनिया के अन्य मतों वाले मतवान या तो वाहिगुरु के निर्गुण स्वरूप की प्रशंसा करते हैं तथा दुनिया त्याग देने की ताकीद करते हैं या उसके सगुण स्वरूप को आगे रखकर अंधाधुंध ऐसे भागते हैं कि उनको अपनी होश ही नहीं रहती। वे मदमस्त हो, रसों-कसों में फंसकर, स्वादों में खचित होकर, जीवन को व्यर्थ गंवा कर चले जाते हैं। गुरु नानक साहिब निर्गुण एवं सगुण स्वरूप को इकट्ठा देखते हैं तथा इकट्ठा रखते हैं। गुरमति द्वारा बताए इस संतुलन को जब जीवन में ढाल लिया जाता है तो सारी धरती ही 'धरमसाल' बन जाती है।'धरमसाल' वो जगह है जहां निर्गुण तथा सगुण का खूबसूरत संगम होता है। रात, ऋतु, थित, वार इनका कोई स्थूल स्वरूप नहीं। इनको पकड़ा नहीं जा सकता, इनको तो केवल महसूस किया जा सकता है। यह वाहिगुरु का एक बहुत बड़ा गुण है। पवन, पानी, अग्नि व पाताल इनको हासिल भी किया जा सकता तथाइनका आनंद भी लिया जा सकता है। ये सब रचनाएं वाहिगुरु का सगुण स्वरूप हैं। इसकी समझ 'धरमसाल' अथवा 'गुरुद्वारे' से होती है। जब मनुष्य दुनिया भर के पाखंडों से हटकर, निकम्मे भ्रमों तथा कर्मों को त्याग कर, वाहिगुरु के सुगण स्वरूप का आनंद लेता हुआ, निर्गुण की आराधना कर, मन को गुरु की कृपा द्वारा साघ कर 'गुरु' तथा 'गुरुद्वारे' द्वारा दी हुई जीवन-जाच को जीयेगा तो वह मनुष्य गुरसिक्ख बन जायेगा तथा उसका घर 'धरमसाल' कहलायेगा। भाई गुरदास जी के कथन के अनुसार गुरु नानक साहिब के चरणों के स्पर्श से हर घर 'धरमसाल' का रुतबा प्राप्त कर गया और उसके अंदर किरत के साथ-साथ, कर्ता की कीर्ति की धुनें भी सुनाई देने लगीं। ऐसी है 'धरमसाल', यह है कार्य 'गुरुद्वारे' का और यही संकल्प है गुरुद्वारे सम्बंधी महान गुरु, गुरु नानक साहिब का।'गुरुद्वारा' अपने आप में महान पवित्रता समोये बैठा है। 'गुरुद्वारे' का क्या भाव है, क्या । भावना है, यह विचारने तथा समझने की | जरूरत है। 'गुरुद्वारे' का अर्थ है 'गुरु-घर', 'गुरु का दुआरा (द्वारा)'। इसको गुरु जी का दरवाजा या किवाड़ कह सकते हैं अर्थात् वह घर जिसमें गुरु पातशाह निवास करते हैं। श्री गुरु नानक देव जी के मुताबिक 'गुरु का द्वारा' अर्थात् 'गुरुद्वारा' वह स्थान है जहां से गुरमति की समझ आती है। हम इस दुनिया में आये हैं। हमें यह शरीर रूपी पात्र प्राप्त हुआ है। इसको इस प्रकार से तराशना है कि इस दुनिया के मालिक व समस्त सृष्टि के सृजनहार को अच्छा लगने लग जाये। इस पात्र का भीतरी मन दौड़ता-भागता है। यह पल भर भी टिकता नहीं अर्थात् टिकने नहीं देता। इस अफरा-तफरी में यह अति मलीन हो चुका है। शरीरों को केवल धोने, श्रृंगारने एवं संवारने से ही हम वाहिगुरु को अच्छे नहीं लगेंगे, आवश्यकता है कि हमारे तथा वाहिगुरु के दरमियान झूठ की कतार टूटे और हम ऐसे बोल बोलें कि पिता-वाहिगुरु हमें स्वयं प्यार करने लग जाये। 'गुरु का द्वारा' अर्थात् 'गुरुद्वारा' वो स्थान है जहां से आदर्शजीवन-जाच की सूझ पड़ती है: भांडा हछा सोइ जो तिसु भावसी ।।भांडा अति नलीणु धोता हछा न होइसी ।। गुरू दुआरै होइ सोझी पाइसी ।। एतु दुआरै धोइ हछा होइसी ।।मैले हछे का वीचारु आपि वरताइसी ।।मतु को जाणै जाइ अगै पाइसी ।। (पन्ना ७३०)श्री गुरु नानक देव जी के इस शबद से यह दिशा मिलती है कि गुरुद्वारे से गुरु द्वारा दिया हुआ ज्ञान मिलता है ताकि मनुष्य तरह-तरह के भ्रमों में ही न पड़ा रहे। गुरु की दी गई समझ से इस जन्म को किस प्रकार संवारा जा सकता है। लिया हुआ अमोलक जन्म निष्फल न जाये क्योंकि हमने तो आगा संवारने के लिए यह जन्म पाया है। गुरमति का हुक्म है :आगाहा कू त्राधि पिछा फेरि न मुहडड़ा ।। नानक सिझिं इवेहा वार बहुड़ि न होवी जनमड़ा ।।(पन्ना १०९६)अगर इस बार मिली जिंदगी भली-भांति संवार ली जाये तो तीनों लोकों में अपने-आप डंका बजेगा। पिछले जन्मों का चक्र छोड़कर वर्तमान में विचरन करना है, उत्साह से आगे चलना है, पीछे नहीं मुड़ना। इस प्रकार अगर यह जन्म संवारलिया जाये तो पुनः जन्म नहीं होगा।सभी दुनियादार जीव तथा मनुष्य अपने शरीर के भरण-पोषण में लगे हुए हैं। नौ द्वार प्रकट हैं। इनकी भूख को तृप्त करने में ही ज़िंदगी व्यतीत हो जाती है। दसवें द्वार का कैसे पता चले? वो द्वार सूक्ष्म है, गुप्त है, उसका पता तो केवल गुरु से तथा गुरुद्वारे के साथ सुरति जोड़ने पर ही लगता है:--हरि जीउ गुफा अंदरि रखि कै वाजा पवणु वजाइआ ।।वजाइआ वाजा पउण नउ दुआरे परगटु कीए दसवा गुपतु रखाइआ ।।गुरदुआरै लाइ भावनी इकना दसवा दुआरु दिखाइआ ।। (पन्ना ९२२)--नउ दरवाजे दसवा दुआरु ।। बुझु रे गिआनी एहु बीचारु ।।कथता बकता सुनता सोई ।।' आपु बीचारे सु गिआनी होई ।। (पन्ना १५२)जो इस द्वार को जान ले वही ज्ञानी है। ज्ञान का दाता गुरु है। सूझ प्रदान-कर्ता गुरु है। गुरुद्वारा इसी की सूझ करायेगा तथा गुरसिक्ख गुरु से ज्ञान प्राप्त करके ज्ञानी बन जायेगा, क्योंकि उसने यह पहेली जान ली है एवं गुरु-कृपा द्वारा अपने आप को पहचान लिया है।हम इस जीवन में देखते हैं कि जब कोई मनुष्य अपने किसी मित्र के साथ ज्यादा घुल-। मिल जाये, हर दम उसका ही संग चाहे तो कहते हैं, "तू तो उसके साथ ऐसे रहता है जैसे उसके साथ ब्याहा हुआ है।" भाव यह कि । जिसका साथ अच्छा लगे, जिसका संग मन को भाये, उस सम्बंधी ही हम ऐसा कहते हैं। यही हाल पुरुष औरत के विवाहित सम्बंधों के बारे में है। विवाहित दंपत्ति विवाह के उपरांत इकट्ठे एक जगह पर रहते हैं। गुरु नानक साहिब इससम्बंध में बड़ी खूबसूरत बात कहते हैं :गुरू दुआरै हमरा वीआहु जि होआ जां सहु मिलिआ तां जानिआ ।।तिहु लोका महि सबदु रविआ है आपु गइआ मनु मानिआ ।।(पन्ना ३५१)इसमें गुरदेव कहते हैं-"मैं गुरुद्वारे के साथ जुड़ गया हूं। गुरु की मति का प्रकाश हृदय में हो गया है। उसके साथ मेरा आत्मिक मिलन हो गया है। उसके साथ मैं ब्याहा गया हूं तथा गुरु-कृपा द्वारा मुझे अकाल पुरख सम्बंधी इस तरह प्रकाश हुआ है कि मेरा मन सदैव खुशी में है। ऐ दुनिया के लोगो ! वह शब्द अनाहद मेरे अंदर रच गया है, जिससे मेरा अहं दूर हो गया है।" बस, समझने की बात यह है कि यदि जगत-पिता गुरु नानक साहिब का मन गुरुद्वारे के साथ ब्याहे जाने या जुड़ जाने से अनहद खुशियां प्राप्त कर सकता है तो फिर यदि हम जुड़ जायें तो हम भी सदीवी खुशियां प्राप्त कर सकते हैं, हमारा अहं खत्म हो जायेगा। सांप्रदायिकता, भेदभाव, मनमुटाव, दुश्मनियां तथा बंटने का नाश होगा; प्रभु से एक हो जायेंगे। गुरुद्वारा : एक संस्था : 'गुरुद्वारा' ईंट, मिट्टी, चूना, सीमेंट, लोहा, लकड़ी, संगमरमर, ग्रेनाइट या अन्य कीमती नक्काशियों, कला-कृतियों से नहीं बनता। ये सब वस्तुएं तो होटलों, क्लबों, बहुमंजिली इमारतों, नाच-घरों, शराबखानों तथा मकबरों में भी लगी हुई हैं, परंतु वे ज़िंदगी नहीं दे रहे, अपितु वे तो ज़िंदगी से बहुत दूर हैं। बात तो है आत्म और परमात्म की। गुरुद्वारे की खूबसूरती तथा स्तुति आध्यात्मिक वस्तुओं के साथ है। जब ये स्रोत गुरुद्वारे में से निकल कर अतृप्त ज़िंदगी को शांति प्रदान करते हैं तो सब वस्तुएं सुंदर तथा शोभनीय लगने लग जाती है।गुरुद्वारे का सबसे पहला तथा मुख्य अंग है संगत'। "सतसंगति कैसी जाणीऐ ।।" का उत्तर - है : "जिथै एको नामु वखाणीऐ ।।" यही महान कार्य गुरुद्वारे का है। यहां पर साधसंगत एकत्र - होती है। संगत की इकत्रता साध-रूप होती है। गुरु के सम्मुख एकत्र होकर सुरति लगती है तथा दुविधा दूर होती है; मन मिलते हैं, सच्चे प्रशबद के स्वभाव का ज्ञान प्राप्त होता है। कथा-कीर्तन एवं शबद-बाणी की व्याख्या हउमै का पर्दा उतार कर प्रतापी पुरख, सतिपुरख, आनंददायक अकाल पुरख के साथ मिला देती है:साध संगि जउ तुमहि मिलाइओ तउ सुणी तुमारी बाणी ।।अनदु भइआ पेखत ही नानक प्रताप पुरख निरबाणी ।।(पन्ना ६१४)गुरुद्वारे का दूसरा महान अंग है 'पंगत'। पंगत में सब गुरु के प्यारे ऊंच-नीच, अमीर-गरीब, जात-पात के भेदभाव के बिना इकट्ठे बैठकर अन्न-पानी ग्रहण करते हैं। सदियों से इन भेदभावों के कारण मनुष्य जाति बंटी हुई है। इसी बांट से खंड-खंड हुई मानवता कमजोर और दुर्बल होकर भटकती है।गुरु पातशाह ने गुरुद्वारों के साथ लंगर अथवा - पंगत स्थापित कर मनुष्य की जिंदगी के सफर को - आसान कर दिया, भ्रम मिटा दिया, फोकट कर्म - खत्म कर दिये। दो प्रकार के लंगर का जिक्र है-- - 'शबद लंगर' और 'लंगर दौलत'। 'रामकली दी - वार' में भाई सत्ता जी-भाई बलवंड जी ने इसका - विस्तार से उल्लेख किया है।तीसरा अंग-हर गुरुद्वारे के साथ एक - 'निशान साहिब' लगा होता है। यह भली प्रकार - परखने की जरूरत है कि निशान साहिब का भाव क्या है? प्राचीन पोथियों तथा लिखितों में 'जपु जी साहिब' की जगह पर 'जपु नीसाणु' लिखा मिलता है। इसका भाव है कि 'जपु' अब जंगलों, गुफाओं में छुप कर नहीं किया जायेगा। 'जपु' वाले को किसका डर है? 'जपु' तो निर्भय करता है। 'नीसाणु' का शब्दी अर्थ है-धौंसा, नगाड़ा। यह निडरता तथा अभय राज्य की निशानी है। जहां पर यह लगा है वहां भय कोई नहीं, डर कोई नहीं। जो डर या भय संयम या अनुशासनता का था, वह अकाल पुरख की चाकरी से खत्म हो गया और हमारी दशा क्या बनी कि हम स्वयं अपने साहिब के अंग-संग होने के कारण उसका अंग ही बन गये। यह पद प्राप्त हुआ खसम (प्रभु) की चाकरी केकारण :एह किनेही चाकरी जितु भउ खसम न जाइ ।। नानक सेवकु काढीऐ जि सेती खसम समाइ ।।(पन्ना ४७५)गुरुद्वारा साहिब में झूलता निशान साहिब इस बात का प्रतीक है कि यहां पर निर्भयता है, अभय-दान है। यहां पर गुरु को मानने वाले पवित्र आत्माओं के मालिक इकट्ठे होते हैं। यहां पर आने वालों को बराबरी तथा एकता का वातावरण मिलेगा और सतिसंग प्राप्त होगा; शरीर को पालने के लिए एक जैसा, एक समान अटूट लंगर मिलेगा। यहां पर आने वालों का मन नीचा तथा मति ऊंची होगी। इसके साथ जुड़ने वालों की आबरू महफूज होगी। वे सम्मान पायेंगे यहां भी और साईं के दरबार में भी।गुरुद्वारे का चौथा मुख्य अंग है- 'शफाखाना'। इस पवित्र परंपरा का विकास गुरु नानक साहिब से ही हो गया था। गुरु नानक साहिब ने कुष्ठ रोग से पीड़ित एक कुष्ठ रोगी का उपचार अपने पवित्र हाथों से करके उसको आरोग्य किया। इस महान ऐतिहासिक घटना के बाद सभी गुरु साहिबान ने गुरुद्वारों के साथ 'शफाखाना' बनाना अनिवार्य कर दिया। श्री गुरु हरिराय साहिब द्वारा कीरतपुर साहिब में कायम किया 'शफाखाना' इस परंपरा का शिखर है। उस शफाखाने में नायाब दवाइयां, जो शाही दवाखाने में भी नहीं थीं, वे भी उपलब्ध थीं तथा ये बिना किसी भेदभाव के जरूरतमंदों को दी जाती थीं। गुरुद्वारा जहां रोग-रहित बलशाली ऋष्ट-पुष्ट आत्मा तथा मन का निर्माण करता है वहीं शरीर को भी ऐसा ही रखता है। शरीर ही तो उस बलवान, पवित्र आत्मा का वाहक है। इसको ऐसे ही संवार कर रखना है, जिस प्रकार सवार अपने घोड़े को और आधुनिक मनुष्य अपनी कार या गाड़ी को रखता है।दवाखाने तथा शफाखाने में एक विशेष अंतर है। दवाखाने में वैद्य, हकीम, डाक्टर को अपनी दवाई तथा हिकमत पर गर्व होता है। गुरमति में चतुराइयों तथा हिकमतों की कोई जगह नहीं। इंसान को लाखों हिकमतें क्यों न आती हों, इनकी जरा भी मान्यता उस परमात्मा के दर पर नहीं। दवाई शफाखाने में भी दी जाती है परंतु परवरदिगार पर भरोसा रख कर। शफाखाना चलाने वाले के मन में यह प्रबल इच्छा होती है कि रोगी ठीक हो; कर्त्ता (प्रभु) मुझे कारण बनाकर दवाई दिलवा रहा है। शफा तो उसके हाथ में है। वह अपनी लाज स्वयं पालता है तथा रोगी अच्छा-भला हो जाता है। दवाखाने वाला व्यापार करता है किंतु शफाखाने वाला प्यार। दवाखाने वाले की नज़र रोगी की जेब पर होती है, उसकी दर्द का एहसास उसको नहीं होता या बहुत ही कम होता है। शफाखाने वाले की नज़र रोगी की जेब के नीचे धड़कते दिल की अंदरूनी पीड़ा में है। वह उसका दर्द महसूस करता है। इस तरह के प्राफाखाने गुरू साहिबान गुरुद्वारों के साथ बनाते थे तथा हमसे भी इसी तरह चाहते हैं।आधुनिक समय में जब मेडिकल विज्ञान तरक्की की चढ़ाइयां चढ़ कर शिखर पर पहुंच रही है तब गुरुद्वारों के प्रबंधक, सेवादार तथा कमेटियां अच्छी एवं आधुनिक डाक्टरी सेवाएं भी प्रदान करें। ऐसा करने से स्वाभाविक ही सिक्खी का प्रचार होगा तथा लोगों में श्री गुरु ग्रंथ साहिब एवं सिक्खी के लिए परिपक्व श्रद्धा उत्पन्न होगी। गुरुद्वारा साहिबान अपने वित्त के अनुसार शफाखाने कायम करें, महंगी दवाइयां बिना लाभ-हानि के आधार पर लोगों तक पहुंचाएं। हर गुरुद्वारा कमेटी मेडिकल कालेज, बड़े या छोटे अस्पताल तो खोल नहीं सकती किंतु पैथोलोजिकल लैबोरेट्रीज खोल कर, रोग की पहचान करके, सही रिपोर्ट देकर रोगियों को अनिश्चितता में से निकाल कर उनकी परेशानी तो कम कर ही सकती है।गुरुद्वारे का पांचवां अंग है-'शिक्षा'। गुरुद्वारा साहिब के स्वरूप को इस प्रकार देखा जाये कि गुरुद्वारे की इमारत या हाल एक स्कूल या पाठशाला है। श्री गुरु ग्रंथ साहिब के अंदर दस गुरु साहिबान के रूप प्रकाश-दाता तथा ज्ञान-दाता अध्यात्म के रास्ते पर अध्यापक-स्वरूप हैं। सिक्ख संगत संतों की जमात है, जो गुरबाणी के पाठ रूपी शबद पढ़कर, अपना अज्ञान-अंधेरा दूर कर ज्ञानवान बनती है। तात्पर्य यह हुआ कि गुरुद्वारे का तो काम ही शिक्षा देना है। पिछले समय में गुरुद्वारे के साथ गुरमुखी सिखाने का कार्य किया जाता था। इतिहास सिखाने के लिए 'श्री गुर प्रताप सूरज ग्रंथ' की कथा एक परंपरा ही बन चुकी थी। इसके अलावा संगीत विद्यालय कीर्तन की शिक्षा दिया करते थे। ऐसी परंपराओं को पुनः अधिकाधिक उत्साह के साथ गतिशील करना चाहिए। धर्म की हानि होती देखकर उस युग में गुरु नानक साहिब ने कहा थाःहउ भालि विकुंनी होई ।। आधेरै राहु न कोई ।।विचि हउमै करि दुखु रोई ।।कहु नानक किनि बिधि गति होई ।। (पन्ना १४५)गति की विधि गुरु नानक साहिब खुद ही बता रहे हैं। गति संभव है, गुरु, गुरमति, गुरबाणी तथा श्री गुरु ग्रंथ साहिब द्वारा, जिसका द्वार है 'गुरुद्वारा'। गुरु के प्रकाश में अति आवश्यक है कि गुरुद्वारा साहिबान के साथ गुरमति विद्यालय, संगीत विद्यालय, शिक्षण संस्थायें, स्कूल, कालेज, व्यवसायिक कॉलेज आदि वित्त के अनुसार खोलकर शिक्षा के माध्यम के साथ गुरसिक्ख, विद्वान, ज्ञानवान तथा वैज्ञानिक पैदा किए जाएं ताकि गुरुद्वारा साहिबान का वह कार्य जो गुरु साहिब की पवित्र सोचनी ने निश्चित किया था, साकार हो जाये। गुरुद्वारा एक शक्तिशाली संस्था है जो जीवनदाती तथा सुखदायी है।कोई भी शहर, बस्ती अथवा मुहल्ला या गांव 'शरीर' के समान है तथा उसमें स्थापित गुरुद्वारा उस आबादी की 'आत्मा' के समान है। जैसे आत्मा के अस्तित्व से शरीर का जीवन है बिलकुल उसी तरह गुरुद्वारे के अस्तित्व से शहर, बस्ती या गांव का जीवन है। आज हरेक सिक्ख को यह अरदास करने की जरूरत है कि हे मालिक परमात्मा, ऐसा कभी न हो कि हम गुरुद्वारे से टूट या बिछुड़ जायें। गुरुद्वारे से बिछुड़ कर उजड़ जाएंगे।श्री गुरु अरजन देव जी द्वारा स्थापित श्री हरिमंदर साहिब (श्री अमृतसर) में गुरदेव ने पहली बार श्री आदि (गुरु) ग्रंथ साहिब का प्रकाश किया। श्री हरिमंदर साहिब पवित्र ताल में कमल की तरह शोभायमान है। गुरसिक्खों ने जीवन में भी कमल की भांति निर्लेप तथा निरालम रहना है।




-प्रो. बलविंदर सिंह लुधियाना

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar